ਅਗਸਤ 2002

# ਅੰਮ੍ਰਿਤ ਕੀਰਤਨ

# Amrit Kirtan



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ
ਅੰਕ 8 ♦ ਸਾਲ ਚੌਦਵਾਂ ♦ ਅਗਸਤ 2002



ਸੰਪਾਦਕ (ਆਨਰੇਰੀ)
ਡਾ. ਜਾਗੀਰ ਸਿੰਘ
ਐਮ. ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ.

ਸਹਾਇਕ ਸੰਪਾਦਕ (ਆਨਰੇਰੀ)
ਡਾ. ਗੁਰਮੀਤ ਸਿੰਘ ਬੈਦਵਾਨ
ਐਮ.ਏ., ਪੀ.ਐਚ.ਡੀ.

ਸਹਿਯੋਗੀ
ਸ. ਹਰਭਜਨ ਸਿੰਘ
ਸ. ਉੱਤਮ ਸਿੰਘ



| | | |
|---|---|---|
| ਮਿਤ੍ਰੁ ਅਸਾਡੜੇ ਸੇਈ | 2 | *ਪਾਠਕਾਂ ਦੇ ਪੱਤਰ* |
| ਕਰਉ ਬੇਨੰਤੀਆ | 5 | *ਸੰਪਾਦਕੀ* |
| ਕੀ ਸਚਮੁਚ ਇਹ ਸੰਸਾਰ ਇਕ ਭਿਆਨਕ ਜੰਗਲ ਹੈ? | 7 | ਭਗਵੰਤ ਸਿੰਘ ਦਲਾਵਰੀ |
| ਸਿੱਖ ਪੰਥ ਦਾ ਅਦੁੱਤੀ ਕੀਰਤਨੀਆ | 10 | ਦਿਆਲ ਸਿੰਘ |
| ਸਤਿਨਾਮ ਤੇਰਾ ਪਰਾ ਪੂਰਬਲਾ | 14 | ਸੋਹਣ ਸਿੰਘ |
| ਫੇਰੂ ਰਬਾਬ ਵਾਲਾ | 19 | ਮਨਮੋਹਨ ਸਿੰਘ ਦਾਊਂ |
| ਸਾਡੇ ਕੀਰਤਨੀਏ | 20 | ਭਾਈ ਅਵਤਾਰ ਸਿੰਘ ਹੰਸ |
| भक्ति का सर्वश्रेष्ठ माधयम संगीत | 21 | अमिता पाण्डे |
| Granthi Ji - Our Spiritual Mentor | 27 | Col. A. S. Rattan |
| ਪੁਸਤਕ ਸਮੀਖਿਆ | 30 | ਡਾ. ਗੁਰਮੀਤ ਸਿੰਘ ਬੈਦਵਾਨ |
| ਸੁਰ ਲਿਪੀਆਂ | 32 | ਭਾਈ ਕਸ਼ਮੀਰ ਸਿੰਘ |
| ਸੁਰ ਲਿਪੀ ਵਾਲੇ ਸ਼ਬਦਾਂ ਦੇ ਅਰਥ | 34 | ਮਨਮੋਹਨ ਸਿੰਘ |



♦ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ।
ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

♦ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/8/90 ਮਿਤੀ 20/2/91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

♦ Donations are eligible for relief u/s 80 G of Income-Tax Act, 1961 vide CIT/ CHD/ Tech./ 80-G/ 911 dated 23/05/2002 valid upto 31/03/2004



ਚੰਦੇ ਦਾ ਵੇਰਵਾ :

♦ ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ., ਜੀਵਨ ਮੈਂਬਰ 1500 ਰੁ.

♦ ਵਿਦੇਸ਼: ਸਲਾਨਾ 30 $, ਜੀਵਨ ਮੈਂਬਰ 300 $

♦ 'ਅੰਮ੍ਰਿਤ ਕੀਰਤਨ' ਲਈ ਡਰਾਫਟ
'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।



ਚਿੱਠੀ ਪੱਤਰ ਲਈ ਪਤਾ :
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
1246/1, ਸੈਕਟਰ 22-ਬੀ, ਚੰਡੀਗੜ੍ਹ 160 022
ਫੋਨ : 0172-701396, 713915

ਰਚਨਾਵਾਂ ਭੇਜਣ ਲਈ ਪਤਾ :
ਸੰਪਾਦਕ, 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-772660

e-mail: drjagirsingh@rediffmail.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐੱਸ.ਸੀ.ਐੱਫ. 107, ਫੇਜ਼ -7, ਮੋਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।



COMPUTER TYPE SETTING
sohal specials
Designers & Printers
Ph: 391443 Pg: 9610408677

# ਮਿਤ੍ਰ ਅਸਾਡੜੇ ਸੇਈ

♦ ਗੁਰੂ ਮਹਾਰਾਜ ਦੀ ਅਪਾਰ ਕ੍ਰਿਪਾ ਸਦਕਾ ਕਿੰਨੇ ਮਹੀਨੇ ਤੋਂ ਬਾਅਦ 'ਅੰਮ੍ਰਿਤ ਕੀਤਰਨ' ਪਰਚਾ ਬੰਦ ਹੋਣ ਉਪਰੰਤ ਅੱਜ ਜੂਨ ਮਹੀਨੇ ਪ੍ਰਾਪਤ ਹੋਇਆ। ਇਸ ਤਰ੍ਹਾਂ ਲਗ ਰਿਹਾ ਸੀ ਜਿਵੇਂ ਕੋਈ ਅਨਮੋਲ ਵਸਤੂ ਦੁਬਾਰਾ ਪ੍ਰਾਪਤ ਹੋ ਗਈ ਹੋਵੇ। ਗੁਰੂ ਕਿਰਪਾ ਸਦਕਾ ਫਿਰ ਦੁਬਾਰਾ ਪਾਠਕਾਂ ਨਾਲ ਬੋਲ ਸਾਂਝੇ ਕਰਨ ਲਈ ਆਪ ਜੀ ਦੀ ਕਲਮ ਨੂੰ ਨਵੀਂ ਰੂਹਾਨੀ ਤਾਕਤ ਮਿਲੀ ਹੈ। ਆਸ ਕਰਦਾ ਹਾਂ ਕ੍ਰਿਪਾ ਕਰਕੇ ਪ੍ਰਮਾਤਮਾ ਆਪ ਜੀ ਦੀ ਸਿਹਤ ਛੇਤੀ ਨਵੀਂ ਨਰੋਈ ਕਰੇ।

*- ਸੁਰਿੰਦਰ ਸਿੰਘ ਸੋਹਲ, ਕੁਆਟਰ ਨੰ: 221, ਹਾਊਸਿੰਗ ਬੋਰਡ ਕਲੋਨੀ, ਫਿਰੋਜ਼ਪੁਰ*

♦ ਕੱਲ੍ਹ ਹੀ ਜੂਨ ਅੰਕ ਮਿਲਿਆ ਤੇ ਮੈਂ ਸੋਰਠਿ ਰਾਗ ਦਾ ਤਿੰਨ ਤਾਲ ਸ਼ਬਦ ਦਾ ਥੋੜਾ ਜਿਹਾ ਹੀ ਅਭਿਆਸ ਕੀਤਾ ਇਹ ਗੀਤ ਦਾ ਗਾਇਣ ਸਰਲ ਹੈ। ਮੈਂ ਅੱਜ ਗੁਰਦੁਆਰਾ ਸਾਹਿਬ ਉਹੀ ਸ਼ਬਦ ਪੜ੍ਹਿਆ ਅਨੰਦ ਆ ਗਿਆ। 'ਸਾਚਾ ਸਾਹਿਬੁ ਸਦ ਮਿਹਰਵਾਣ' ਇਸ ਤਰ੍ਹਾਂ ਦੇ ਸਰਲ ਸ਼ਬਦ ਹੋਰ ਭੇਜੋ ਜੀ। ਆਪ ਜੀ ਨੇ ਪੱਤਰ 'ਚ ਲਿਖਿਆ ਸੀ ਅਪ੍ਰੈਲ ਅੰਕ ਭੇਜ ਰਹੇ ਹਾਂ ਪਰ ਨਹੀਂ ਭੇਜਿਆ ਹੈ। ਕ੍ਰਿਪਾ ਜ਼ਰੂਰ ਭੇਜੋ ਜੀ ਮੈਨੂੰ ਡਾ. ਸਾਹਿਬ ਨੇ ਜਿਵੇਂ ਉਂਗਲੀ ਪਕੜ ਕੇ ਚੱਲਣਾ ਸਿਖਾਇਆ ਹੈ। ਉਨ੍ਹਾਂ ਸਦਕਾ ਜੋ ਮਾੜਾ ਮੋਟਾ ਸ਼ਬਦ ਗਾਇਣ ਦਾ ਅਭਿਆਸ ਹੋ ਰਿਹਾ ਹੈ। ਮੈਂ ਅਕਾਲ ਪੁਰਖ ਪਾਸ ਫਿਰ ਅਰਦਾਸ ਕਰਦਾ ਹਾਂ ਆਪ ਦੇ ਸਿਰ ਹੱਥ ਰੱਖੋ। ਅੱਜ ਤੁਹਾਡੀ ਪੰਥ ਨੂੰ ਬਹੁਤ ਲੋੜ ਹੈ। ਮੈਂ ਅੱਜ ਹੀ ਉਹ ਲੇਖ ਪੜ੍ਹਿਆ ਜੋ ਰਾਗੀ ਅੱਜ ਰਾਗ ਤੋਂ ਬਾਹਰ ਸ਼ਬਦ ਗਾਇਣ ਕਰ ਰਹੇ ਹਨ ਬਹੁਤ ਹੀ ਦੁਖ ਹੋਇਆ। ਗੁਰੂ ਸਾਹਿਬਾਨ ਨੇ ਸਾਰੀ ਬਾਣੀ ਰਾਗਾਂ 'ਚੋਂ ਲਿਖੀ ਹੈ। ਉਸ ਸਮੇਂ ਸਾਜਾਂ ਨੂੰ ਅਧਾਰ ਰੱਖਕੇ ਰਾਗਾਂ ਦੇ ਅਲਾਪ ਨੂੰ ਭੁੱਲਕੇ ਅਸੀਂ ਫਿਲਮੀ ਧੁਨਾਂ ਤੇ ਸ਼ਬਦ ਗਾਇਣ ਕਰਦੇ ਹਾਂ।

*- ਸਤਵਿੰਦਰ ਸਿੰਘ, ਮਲਾਜਖੰਡ*

♦ ਕੱਲ੍ਹ 'ਅੰਮ੍ਰਿਤ ਕੀਤਰਨ' ਦੀ ਕਾਪੀ ਪਹੁੰਚੀ ਤੇ ਦੇਖ ਕੇ ਜਲਦੀ ਨਾਲ ਕਰਓ ਬੇਨੰਤੀਆ ਦਾ ਪੰਨਾ ਖੋਲ੍ਹਿਆ ਤੇ ਹੇਠਾਂ ਤੁਹਾਡਾ ਨਾਮ ਦੇਖ ਕੇ ਮਨ ਨੂੰ ਬੜੀ ਖੁਸ਼ੀ ਹੋਈ ਤੇ ਫਿਰ ਤੁਹਾਡਾ ਲੇਖ ਪੜ੍ਹਿਆ। ਵਾਹਿਗੁਰੂ ਨੇ ਸਾਡੇ ਸਭਨਾ ਤੇ ਬੜੀ ਮਿਹਰ ਕੀਤੀ ਹੈ ਜੋ ਤੁਹਾਨੂੰ ਨਵੀਂ ਸਿਹਤ ਦਿੱਤੀ ਹੈ। ਤੁਸੀਂ ਫਿਰ ਆਪਣੀ ਅਣਥੱਕ ਮਿਹਨਤ ਨਾਲ ਆਪਣੀ ਕੌਮ ਦੀ ਸੇਵਾ ਕਰਦੇ ਰਹੋ। ਤੁਹਾਡਾ ਨੋਟ ਪੜ੍ਹ ਕੇ ਮੇਰੇ ਦਿਲ ਵਿਚ ਇਹ ਤੁਕਾਂ ਆ ਗਈਆਂ

*ਲਹਿਰਾਂ ਲਖ ਸੈ ਆਨ ਡੁਬਣ ਦੇਇ ਨਾ ......*
*ਸ਼ੁਕਰ ਸ਼ੁਕਰ ਸ਼ੁਕਰਾਨਾ ਤੇ ਹੀ ਰਹਿਮਤ ਦਾ ਸ਼ੁਕਰਾਨਾ।*
*ਵਾਹਿਗੁਰੂ ਤੁਹਾਨੂੰ ਸਦਾ ਚੜ੍ਹਦੀਆਂ ਕਲਾਂ ਵਿਚ ਰੱਖੇ।*

*- ਗੁਰਬਚਨ ਕੌਰ ਅਤੇ ਸੋਹਣ ਸਿੰਘ ਸੰਧੂ, ਏ-202, ਸ਼ਿਲਾ ਲੇਖ, ਸ਼ਾਹੀ ਬਾਗ, ਅਹਿਮਦਾਬਾਦ, ਗੁਜਰਾਤ 380 004*

♦ ਅੱਜ ਜੂਨ ਮਹੀਨੇ ਦਾ 'ਅੰਮ੍ਰਿਤ ਕੀਰਤਨ' ਪੜ੍ਹਿਆ। ਪਤਾ ਚੱਲਿਆ ਕਿ ਤੁਸੀਂ ਕਿਸੇ ਹਾਦਸੇ ਦਾ ਸ਼ਿਕਾਰ ਹੋਏ ਹੋ। ਪੂਰੇ ਵੇਰਵੇ ਨੂੰ ਜਾਣਨ ਲਈ ਮਨ ਉਤਾਵਲਾ ਹੈ, ਤੁਹਾਡੇ ਵਰਗੇ ਗੁਰਮਤਿ ਦੇ ਖੋਜੀ ਤੇ ਗੁਰਮਤਿ ਸੰਗੀਤ ਦੇ ਖੋਜੀਆਂ ਦੀ ਪੰਥ ਨੂੰ ਬਹੁਤ ਲੋੜ ਹੈ।

ਹਰਿਮੰਦਰ ਸਾਹਿਬ ਦੇ ਕੀਰਤਨ ਦੀ ਦਿਨੋ ਦਿਨ ਹੋ ਰਹੀ ਦੁਰਦਸ਼ਾ ਵੱਲ ਭੀ ਤੁਸ਼ਾਂ ਧਿਆਨ ਖਿੱਚਿਆ ਹੈ। ਕੋਈ ਸਮਾਂ ਸੀ ਕਿ ਕੀਰਤਨ ਨਿਰੋਲ ਤੰਤੀ ਸਾਜ਼ਾਂ ਨਾਲ ਹੁੰਦਾ ਸੀ। ਅੰਗਰੇਜ਼ੀ ਸਾਮਰਾਜ ਨੇ ਪਹਿਲਾਂ ਪੱਛਮੀ ਸੰਗੀਤ ਦੇ ਸਾਜ਼ ਪਿਆਨੋ ਨੂੰ ਦਾਖਲ ਕੀਤਾ ਤੇ ਇਸ ਦੇ ਨਾਲ ਹੀ ਹਰਮੋਨੀਅਮ ਆ ਗਿਆ, ਜਿਸ ਨਾਲ ਕੀਰਤਨ ਦੀ ਗਿਰਾਵਟ ਸ਼ੁਰੂ ਹੋ ਗਈ। ਹਰਿਮੰਦਰ ਸਾਹਿਬ ਦੇ ਕੁਝ ਰਾਗੀ ਤਾਂ ਐਸੇ ਹਨ ਜੋ ਕੀਰਤਨ ਦੇ ਘਟ ਤੇ ਹਰਮੋਨੀਅਮ ਦੇ ਕਰਤਬ ਵਧੇਰੇ ਦਿਖਾਂਦੇ ਹਨ। ਨਿਰਧਾਰਤ ਰਾਗ ਬਹੁਤ ਘੱਟ ਜਥਿਆਂ ਨੂੰ ਆਉਂਦੇ ਹਨ। ਸੋਰਠ ਰਾਗ ਦਾ ਸ਼ਬਦ ਭੀ ਕਈ ਆਸਾ ਰਾਗ ਵਿਚ ਪੜ੍ਹ ਰਹੇ ਹਨ। ਕੁਝ ਰਾਗੀ ਕਾਫੀ ਚੰਗੇ ਹਨ। ਪਰ ਗੁਣੀ ਰਾਗੀ ਉੱਥੇ ਟਿਕਦੇ ਨਹੀਂ ਤੇ ਵਿਦੇਸ਼ਾਂ ਵਿਚ ਜਾ ਕੇ ਉੱਥੇ ਹੀ ਸੈਟਲ ਹੋ ਜਾਂਦੇ ਹਨ। ਭਾਈ ਚਾਂਦ ਵਰਗੇ ਪ੍ਰਮਾਣ ਤਾਂ ਕੋਈ ਵਿਰਲਾ ਹੀ ਹੋ ਸਕਦਾ ਹੈ। ਅੱਗੇ ਜਥੇਦਾਰ ਅਤੇ ਸਾਥੀ ਇਕੱਲਾ ਇਕੱਲਾ ਆਪਣੀ ਕਲਾ ਦਾ ਪ੍ਰਗਟਾਵਾ ਕਰਦਾ ਸੀ। ਹੁਣ ਮਿਲਕੇ ਗਾਉਣ ਦਾ

ਰਿਵਾਜ ਹੋ ਗਿਆ ਹੈ। ਕਲੇ ਕਲੇ ਦੀ ਕਮਜ਼ੋਰੀ ਲੁਕ ਜਾਂਦੀ ਹੈ। ਇਕ ਘੰਟੇ ਤੋਂ ਵੱਧ ਕੋਈ ਰਾਗੀ ਕੀਰਤਨ ਨਹੀਂ ਕਰਦਾ। ਥੋੜੇ ਸ਼ਬਦ ਯਾਦ ਹੋਣ ਤਾਂ ਗੁਜ਼ਾਰਾ ਚਲ ਜਾਂਦਾ ਹੈ। ਕੀਰਤਨ ਦਰਬਾਰਾਂ ਦੇ ਰਿਵਾਜ਼ ਨੇ ਰਾਗੀ ਜਥਿਆਂ ਦੀ ਗਿਣਤੀ ਵਿੱਚ ਬੇਲੋੜਾ ਵਾਧਾ ਕੀਤਾ ਹੈ। ਡੀਮਾਂਡ ਵਧ ਜਾਣ ਨਾਲ ਕੁਆਲਿਟੀ ਘਟ ਗਈ ਹੈ। ਭਾਈ ਹੀਰਾ ਸਿੰਘ ਜੀ, ਭਾਈ ਸੁਧ ਸਿੰਘ, ਪ੍ਰਧਾਨ ਸਿੰਘ ਜੀ, ਭਾਈ ਜੁਆਲਾ ਸਿੰਘ ਜੀ, ਭਾਈ ਸੰਤਾ ਸਿੰਘ ਜੀ ਚਮਕ ਅਤੇ ਭਾਈ ਸੁਮੰਦ ਸਿੰਘ ਜੀ ਆਦਿ ਗਿਣੇ ਚੁਣੇ ਜਥਿਆਂ ਨੇ ਜਿੰਨਾ ਪ੍ਰਚਾਰ ਕੀਤਾ ਸੀ, ਉਹ ਅੱਜਕਲ੍ਹ ਦੇ ਸੈਂਕੜੇ ਜਥੇ ਨਹੀਂ ਕਰ ਸਕੇ।

ਕੀਰਤਨ ਦਰਬਾਰਾਂ ਦੀ ਭਰਮਾਰ ਨੇ ਕਵੀ ਦਰਬਾਰਾਂ ਨੂੰ ਭੀ ਬੜੀ ਢਾਹ ਲਾਈ ਹੈ, ਹਾਲਾਂਕਿ ਸਾਡੇ ਗੁਰੂ ਸਾਹਿਬਾਨ ਦੀਆਂ ਬੇਅੰਤ ਸਿਫਤਾਂ ਵਿੱਚੋਂ ਇਹ ਦੋ ਬਹੁਤ ਵੱਡੀਆਂ ਸਨ ਕਿ ਉਹ ਕਵੀ ਭੀ ਸਨ ਤੇ ਸੰਗੀਤਕਾਰ ਭੀ। ਗੁਰੂ ਨਾਨਕ ਸਾਹਿਬ ਨੇ ਆਪਣੇ ਆਪ ਨੂੰ ਸ਼ਾਇਰ ਭੀ ਕਿਹਾ ਹੈ ਤੇ ਢਾਢੀ ਭੀ। ਗੁਰੂ ਗੋਬਿੰਦ ਸਿਘ ਜੀ ਨੇ ਕਬੀਓ ਵਾਚ ਬੇਨਤੀ ਚੌਪਈ ਲਿਖਕੇ ਆਪਣੇ ਆਪ ਨੂੰ ਕਵੀ ਕਿਹਾ ਹੈ। ਉਨ੍ਹਾਂ ਨੇ ਆਪਣੇ ਦਰਬਾਰ ਵਿਚ ਬਵੰਜਾ ਕਵੀ ਰੱਖੇ, ਬਵੰਜਾ ਰਾਗੀ ਨਹੀਂ। ਇਸ ਪੰਥ ਨੂੰ ਇਸ ਬਾਰੇ ਧਿਆਨ ਕਰਨਾ ਚਾਹੀਦਾ ਹੈ। ਕਿਸੇ ਜ਼ਮਾਨੇ ਵਿਚ ਨਨਕਾਣਾ ਸਾਹਿਬ ਦੇ ਗੁਰਪੁਰਬ ਦਾ ਸਭ ਤੋਂ ਵੱਡਾ ਸਮਾਗਮ ਕਵੀ ਦਰਬਾਰ ਹੀ ਹੁੰਦਾ ਸੀ ਤੇ ਕਵੀਆਂ ਨੂੰ ਇਨਾਮ ਦਿੱਤੇ ਜਾਂਦੇ ਸਨ। ਕਵੀਂ ਦਰਬਾਰਾਂ ਦੀ ਪੁਛ ਪੜਤਾਲ ਘਟ ਜਾਣ ਨਾਲ, ਚੰਗੇ ਕਵੀ ਵੀ ਘਟਦੇ ਜਾ ਰਹੇ ਹਨ ਤੇ ਬੇਸਿਰ ਪੈਰ, ਛੰਦ ਮੁਕਤ ਖੁਲੀ ਵਾਰਤਕ ਵਰਗੀ ਲੇਖਣੀ ਨੂੰ ਕਵਿਤਾ ਕਹਿਣ ਵਾਲੇ ਪੈਦਾ ਹੋ ਗਏ ਹਨ, ਜਿੰਨਾਂ ਨੂੰ ਯੂਨੀਵਰਸਿਟੀਆਂ ਦੇ ਨਾਲ ਸਿਮਟ ਆਲੋਚਕ ਹੱਲਾਸ਼ੇਰੀ ਦੇਂਦੇ ਹਨ। ਅਸਲੀ ਕਵਿਤਾ ਨੂੰ ਨੁਕਸਾਨ ਹੋ ਰਿਹਾ ਹੈ।

*- ਹਰਭਜਨ ਸਿੰਘ ਰਤਨ, ਬੀ-15, ਲਾਜਪਤ ਨਗਰ-3, ਨਵੀਂ ਦਿੱਲੀ 110 024*

♦ ਜੂਨ ਦਾ 'ਅੰਮ੍ਰਿਤ ਕੀਰਤਨ' ਮਿਲਿਆ ਪਰ ਪਾਠਕਾਂ ਦੇ ਪੱਤਰਾਂ ਵਿੱਚ ਮੇਰਾ ਪੱਤਰ ਨਹੀਂ ਛਪਿਆ ਕੀ ਕਾਰਨ ਹੈ। ਕੀ ਤੁਸੀਂ ਵੀ ਆਈ ਪੀ ਮੈਂਬਰਾਂ ਦੇ ਪੱਤਰ ਛਾਪਦੇ ਹੋ। ਕਰਉ ਬੇਨੰਤੀਆ ਡਾ. ਜਗੀਰ ਸਿੰਘ ਦੇ ਵਿਚਾਰ ਕਾਬਿਲੇ ਤਾਰੀਫ ਸਨ। ਗੁਰਮਤਿ ਸੰਗੀਤ ਪ੍ਰਮੁੱਖ ਸਾਜ ਲੇਖ ਵਲੋਂ ਡਾ. ਗੁਰਨਾਮ ਸਿੰਘ ਕਲਯੁਗ ਮਹਿ ਕੀਰਤਨ ਪ੍ਰਧਾਨਾ ਵਲੋਂ ਕਰਤਾਰ ਸਿੰਘ ਨੀਲਧਾਰੀ, ਵਰਤਮਾਨ ਸਮੇਂ 'ਚ ਵਧ ਰਿਹਾ ਤਬਲੇ ਦਾ ਮਹੱਤਵ ਵਲੋਂ ਕਮਲੇਸ਼ ਇੰਦਰ ਸਿੰਘ ਸ਼ਰਮਾ ਚੰਡੀਗੜ੍ਹ, ਇੱਕ ਗੁਰਸਿਖ ਸੰਜਮੀ ਤੇ ਨਿਰਵੈਰ ਅਜੀਜ਼ ਦਾ ਦੁਖਦਾਈ ਵਿਛੋੜਾ, ਧੰਨ ਕੀਰਤਨੀਏ ਧੰਨ ਸਰੋਤੇ ਵਲੋਂ ਰੇਣੁਕਾ ਸਰਬਜੀਤ ਸਿੰਘ ਲੁਧਿਆਣਾ, ਖ਼ਬਰਨਾਮਾ ਗੁਰੂ ਘਰ ਦੇ ਰਾਗੀ ਜਥਿਆਂ ਨੂੰ ਨਿਰਧਾਰਤ ਰਾਗਾਂ ਵਿੱਚ ਕੀਰਤਨ ਕਰਨਾ ਚਾਹੀਦਾ ਹੈ। (ਬਹੁਤ ਹੀ ਚੰਗੀ ਗੱਲ ਹੈ ਪ੍ਰੰਤੂ ਪਾਬੰਦੀ ਲੱਗਣੀ ਮੁਸ਼ਕਲ ਹੈ।)

ਹਰਿਮੰਦਰ ਸਾਹਿਬ ਵਿਚ ਕੀਰਤਨ ਨਿਰਧਾਰਤ ਰਾਗਾਂ ਵਿੱਚ ਨਹੀਂ ਹੋ ਰਿਹਾ, ਜਪੁਜੀ ਸਾਹਿਬ ਬਾਰੇ ਵਲੋਂ ਭਗਵੰਤ ਸਿੰਘ ਦਿਲਾਵਰੀ, ਗੁਰੂ ਨਾਨਕ ਸੰਗੀਤ ਪੱਧਤੀ ਗ੍ਰੰਥ (ਭਾਗ ਪਹਿਲਾ) ਵਿਚੋਂ ਰਾਗ ਸੋਰਠ ਤਿੰਨ ਤਾਲ ਦੀ ਬੰਦਸ਼ ਤੇ ਝਪਤਾਲ ਦੀ ਬੰਦਸ਼ ਗੁਰਸਿੱਖੀ ਵਾਲੇ ਸਬੰਧ ਦੇ ਅਰਥ ਵਲੋਂ ਮਨਮੋਹਨ ਸਿੰਘ ਤੇ ਗੁਰਸਿੱਖਾਂ ਲਈ ਘਰ ਘਰ ਦੀ ਫਰੀ ਸਮੱਗਰੀ ਆਦਕ ਲੇਖ ਬਹੁਤ ਹੀ ਕਾਬਿਲੇ ਤਾਰੀਫ ਸਨ।

ਜੁਲਾਈ ਦਾ 'ਕਰਉ ਬੇਨੰਤੀਆ' ਡਾ. ਜਾਗੀਰ ਸਿੰਘ ਵਲੋਂ ਲਿਖੀ ਤਹਿਰੀਰ ਕਾਬਲੇ ਤਾਰੀਫ ਸੀ, ਸ੍ਰ. ਭਗਵੰਤ ਸਿੰਘ ਦਿਲਾਵਰੀ ਵਲੋਂ 'ਗੁਰਸਿੱਖੀ ਦੀ ਇਹ ਨਿਸ਼ਾਨੀ' ਲੇਖ ਸੁਰਜੀਤ ਸਿੰਘ ਬਿੰਦਰਾ ਦਾ ਲੇਖ 'ਕੀਰਤਨ ਨਿਰਮੋਲਕ ਹੀਰਾ', ਪ੍ਰੋ. ਨਰਿੰਦਰ ਸਿੰਘ ਵਲੋਂ 'ਸਾਡਾ ਵਿਰਸਾ' ਲੇਖ, ਸ੍ਰ. ਰਜਿੰਦਰ ਸਿੰਘ ਵਲੋਂ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਬਾਰੇ ਲੇਖ, ਪ੍ਰਸਿੱਧ ਕੀਰਤਨੀਏ ਇਕਬਾਲ ਸਿੰਘ ਜੀ 'ਸਾਬਰ ਦੀ ਅੰਤਿਮ ਅਰਦਾਸ' ਬਾਰੇ ਖੋਜ ਭਰਪੂਰ ਜਾਣਕਾਰੀ ਸ੍ਰ. ਕਿਰਪਾਲ ਸਿੰਘ ਜੀ ਵਲੋਂ 'ਇਕ ਤਾਲ' ਬਾਰੇ ਖੋਜ ਸਹਿਤ ਜਾਣਕਾਰੀ ਆਦਿਕ ਲੇਖ ਸਭ ਸਮੱਗਰੀ ਸ਼ਲਾਘਾਯੋਗ ਸੀ।

*- ਮੰਗਤ ਸਿੰਘ ਮਸਤਾਨਾ, C/o ਅਸ਼ੋਕਾ ਰਿਫਰੈਸ਼ਮੈਂਟ, ਮੰਡੀ ਹਰਜੀ ਰਾਮ, ਮਲੋਟ*

♦ ਆਪ ਜੀ ਦੇ ਬਾਰੇ ਸੁਣਕੇ ਦਿਲ ਨੂੰ ਬਹੁਤ ਵੱਡਾ ਧੱਕਾ ਲੱਗਾ ਕਿ ਜੇ ਇਹ ਨਿਦੋਸਾ ਮਾਰੀਐ ਤਾਂ ਹਮਦੋਸਾਂ ਕਾ ਕਿਆ ਹਾਲ। ਵਾਹਿਗੁਰੂ ਜੀ ਦੇ ਅੱਗੇ ਮੈਂ ਉਸਦਾ ਅਹਿਮਕ ਫਕੀਰ ਤੇ ਬੇਸਹਾਰਾ ਨਿਰਮਲ ਤਾਂ ਇਕ ਤਹਿ ਦਿਲੋਂ ਆਪ ਜੀ ਦੀ ਜਾਨ ਬਖਸ਼ੀ ਅਤੇ ਸਿਹਤ ਜਾਫਤਾ ਲਈ ਦੁਆ ਹੀ ਕਰ ਸਕਦਾ ਸਾਂ। ਐਨ ਉਸ ਵੇਲੇ ਮੇਰੀਆਂ ਦੋ ਪੁਸਤਕਾਂ ਛਾਪਕੇ ਬਾਹਰ ਆਈਆਂ। ਇੱਕ ਪੁਸਤਕ 'ਬਾਣੀ ਗੌਰਵ' ਸੋ ਆਪ ਜੀ ਨੂੰ ਹੀ ਸਮਰਪਣ ਕੀਤੀ ਗਈ ਹੈ।

ਇਸ ਦੇ ਕੁਝ ਨਿਬੰਧ ਆਪ ਜੀ ਦੇ ਅਮੁਲੇ ਪੱਤਰ 'ਅੰਮ੍ਰਿਤ ਕੀਰਤਨ' ਵਿੱਚ ਛਪਕੇ ਪ੍ਰਸੰਸਾ ਖੱਟ ਚੁੱਕੇ ਹਨ। ਮੈਂ ਆਪਣੇ ਪੀ ਐਚ ਡੀ ਕੰਮ ਵਿੱਚ ਬਹੁਤ ਖੁਭਿਆ ਹੋਣ ਕਰਕੇ ਆਪਜੀ ਨੂੰ ਫੌਰੀ ਤੌਰ 'ਤੇ ਨਹੀਂ ਲਿਖ ਸਕਿਆ। ਖਿਮਾ ਦਾ ਜਾਚਕ ਹਾਂ। ਮੇਰਾ ਚੰਦਾ ਵੀ ਖਤਮ ਹੈ। ਮੈਂ ਆਪ ਜੀ ਦੇ ਪਾਸ ਆਪ ਹਾਜ਼ਰ ਹੋਕੇ ਆਪ ਜੀ ਨੂੰ ਇਸ ਪੁਸਤਕ ਦੀ ਕਾਪੀ ਵੀ ਤੇ ਚੰਦਾ ਵੀ ਦੇਣਾ ਚਾਹਾਂਗਾ।

*- ਚਾਨਣ ਸਿੰਘ ਨਿਰਮਲ, 134/1 ਆਰ ਆਰ ਕਲੋਨੀ, ਜੇਲ ਰੋਡ, ਗੁਰਦਾਸਪੁਰ 143 521*

♦ ਜੁਲਾਈ ਦਾ ਅੰਕ ਪ੍ਰਾਪਤ ਹੋਇਆ। ਆਪ ਜੀ ਦਾ 'ਪ੍ਰੇਮ ਅੰਮ੍ਰਿਤ' ਬੜਾ ਪਿਆਰ ਲੱਗਿਆ। ਬਾਕੀ ਬੀਬੀ ਸੁਰਜੀਤ ਕੌਰ ਬਿੰਦਰਾ, ਪ੍ਰੋ. ਨਰਿੰਦਰ ਸਿੰਘ, ਸ੍ਰ. ਉੱਤਮ ਸਿੰਘ, ਸ੍ਰ. ਕਿਰਪਾਲ ਸਿੰਘ ਹੁਰਾਂ ਦੇ ਲੇਖ ਬਹੁਤ ਵਧੀਆ ਸਨ।

*- ਭਾਈ ਅਵਤਾਰ ਸਿੰਘ, ਗੁਰਦੁਆਰਾ ਸੰਤਪੁਰਾ, ਪਟਿਆਲਾ ਗੇਟ, ਸੰਗਰੂਰ*

♦ ਉਮੀਦ ਹੈ, ਆਪ ਜੀ ਵਾਹਿਗੁਰੂ ਦੀ ਕਿਰਪਾ ਸਦਕਾ ਸੁਖ, ਸਹਿਜ ਅਤੇ ਆਨੰਦ ਵਿੱਚ ਹੋ। 'ਅੰਮ੍ਰਿਤ ਕੀਰਤਨ' ਦੁਆਰਾ ਆਪ ਵੀ ਗੁਰਮਤਿ ਸਾਹਿਤ ਅਤੇ ਗੁਰਮਤਿ ਸੰਗੀਤ ਦੀ ਸ਼ਲਾਘਾਯੋਗ ਸੇਵਾ ਕਰ ਰਹੇ ਹੋ। ਵਾਹਿਗੁਰੂ ਆਪ ਜੀ ਨੂੰ ਸਮਰੱਥਾ ਬਖਸ਼ੇ ਅਤੇ ਇਸੇ ਤਰ੍ਹਾਂ ਸੇਵਾ ਕਰਦੇ ਰਹੋ। 'ਅੰਮ੍ਰਿਤ ਕੀਰਤਨ ਟ੍ਰਸਟ' ਲਈ ਤਿਲਫੁਲ ਭੇਟਾ ਵਜੋਂ 500/- ਰੁਪਏ ਦਾ ਚੈਕ ਭੇਜ ਰਿਹਾ ਹਾਂ। ਪ੍ਰਵਾਨ ਕਰਨਾ ਜੀ।

*- ਡਾ. ਬਲਬੀਰ ਸਿੰਘ, 147/15-ਏ, ਚੰਡੀਗੜ੍ਹ*

♦ ਜੁਲਾਈ 2002 ਦਾ 'ਅੰਮ੍ਰਿਤ ਕੀਰਤਨ' ਮਿਲਿਆ। ਇਸ ਵਿਚਲਾ ਮੈਟਰ ਆਪਣੀ ਹੀ ਤੁਰ੍ਹਾਂ ਦਾ ਹੈ। ਗੁਰਮਤਿ ਸੰਗੀਤ ਪੱਧਿਤੀ ਸਮੁੱਚੀ ਹਿੰਦੁਸਤਾਨੀ ਮੌਸੀਕੀ ਵਿੱਚ ਇੱਕ ਵਿਲੱਖਣ ਥਾਂ ਰੱਖਦੀ ਹੈ। ਹਿੰਦੁਸਤਾਨੀ ਮੌਸੀਕੀ ਦੇ ਲਾਗੇ ਚਾਗੇ ਹੋ ਕੇ ਵੀ ਦੂਰੀ 'ਤੇ ਖੜ੍ਹੀ ਆਜ਼ਾਦਨਾ ਹਸਤੀ ਦੀ ਮਾਲਕ ਹੈ। ਤੁਸੀਂ ਅਜਿਹੀ ਚਿੰਤਨ ਪਹੁੰਚ ਅਪਣਾਕੇ ਇਸ ਮਾਸਕ ਪੱਤਰ ਰਾਹੀਂ ਪੰਜਾਬੀ ਸਭਿਆਚਾਰ ਦੀ ਅਮੁੱਲ ਸੇਵਾ ਕਰ ਰਹੇ ਹੋ। ਅੱਜ ਦੀ ਪੰਜਾਬੀ ਪੌਪ ਸੰਗੀਤਕਾਰੀ ਦੇ ਮਾਹੌਲ ਵਿੱਚ ਤੁਹਾਡੀ ਇਹ ਸੇਵਾ ਹੋਰ ਵੀ ਬਾਪ੍ਰਸਗਿੰਕ ਤੇ ਸਾਰਥਕ ਹੈ। ਮੁਬਾਰਕਾਂ ਹੀ ਮੁਬਾਰਕਾਂ।

*- ਡਾ. ਲਾਭ ਸਿੰਘ ਖੀਵਾ ਪ੍ਰਿੰਸੀਪਲ, ਟੀ ਪੀ ਡੀ ਮਾਲਵਾ ਕਾਲਜ, ਰਾਮਪੁਰਾ ਫੂਲ (ਬਠਿੰਡਾ)*

♦ ਆਪ ਜੀ ਦੀ ਸਿਹਤ ਹੁਣ ਕਿਸ ਤਰ੍ਹਾਂ ਹੈ? Are you fully fit, mobile and able to do your normal work? ਪ੍ਰਭੂ ਆਪ ਨੂੰ ਹੋਰ ਸਮਰੱਥਾ ਬਖਸ਼ਣ ਕਿ ਆਪ ਪੰਥ ਦੀ ਅੱਗੇ ਨਾਲੋਂ ਵੀ ਵੱਧ ਚੜ੍ਹ ਕੇ ਸੇਵਾ ਕਰ ਸਕੋ।

'ਅੰਮ੍ਰਿਤ ਕੀਰਤਨ' ਲਈ ਆਪ ਵਲੋਂ ਕੀਤੀ ਅਪੀਲ ਤੇ ਦਲਾਵਰੀ ਜੀ ਨਾਲ ਸਲਾਹ ਕੀਤੀ ਤੇ ਉਨ੍ਹਾਂ ਦੀ ਆਗਿਆ ਤੇ ਤੁਛ ਜਿਹੀ ਭੇਟਾ 1000 ਰੁਪਏ ਭੇਜ ਰਿਹਾ ਹਾਂ, ਆਸ ਹੈ ਪ੍ਰਵਾਨ ਕਰੋਗੇ।

*- ਰਮੇਸ਼ ਸਿੰਘ, ਸੀ-131, ਸੋਨਾਰੀ ਵੈਸਟ, ਜਮਸ਼ੇਦਪੁਰ 831 011 (ਝਾਰਖੰਡ)*

♦ ਉਮੀਦ ਹੈ ਚੜ੍ਹਦੀ ਕਲਾ ਵਿੱਚ ਹੋਵੇਗੇ। 'ਅੰਮ੍ਰਿਤ ਕੀਰਤਨ' (ਜੂਨ 2002) ਦੇ ਅੰਕ ਵਿੱਚ ਤੁਹਾਡਾ ਸੰਪਾਦਕੀ, ਰਚਨਾਵਾਂ ਦੀ ਚੋਣ ਤੇ ਛਪਾਈ ਦੇਖ ਕੇ ਯਕੀਨ ਹੋ ਗਿਆ ਹੈ ਕਿ ਹੁਣ ਤੁਸੀਂ ਲੰਮੇ ਸਮੇਂ ਦੇ ਸਰੀਰਕ ਸੰਕਟ ਨੂੰ ਪਾਰ ਕਰ ਗਏ ਹੋ। ਕੁਦਰਤ ਦਾ ਕੋਟ ਕੋਟ ਧੰਨਵਾਦ।

'ਅੰਮ੍ਰਿਤ ਕੀਰਤਨ' ਦੇ ਇਸ ਅੰਕ ਵਿੱਚ ਡਾ. ਗੁਰਨਾਮ ਸਿੰਘ ਦਾ ਲੇਖ ਮੇਰੇ ਵਰਗੇ ਆਮ ਸਰੋਤੇ ਲਈ ਬਹੁਤ ਵਾਕਫ਼ੀ ਭਰਪੂਰ ਹੈ। ਸੰਗੀਤ ਤੇ ਸਾਜ਼ਾਂ ਬਾਰੇ ਮੈਨੂੰ ਬਹੁਤਾ ਇਲਮ ਨਹੀਂ। ਇਸ ਲੇਖ ਨੇ ਬਾਣੀ ਕੀਰਤਨ 'ਚ ਪ੍ਰਯੋਗ ਵਿੱਚ ਆਉਣ ਵਾਲੇ ਜ਼ਰੂਰੀ ਸਾਜ਼ਾਂ ਦੀ ਜਾਣਕਾਰੀ ਕਰਵਾਈ ਹੈ। ਕਮਲੇਸ਼ਇੰਦਰ ਸਿੰਘ 'ਸ਼ਰਮਾ' ਦਾ ਤਬਲੇ ਬਾਰੇ ਲੇਖ ਵੀ ਇਸੇ ਦਾ ਪੂਰਕ ਹੈ। ਅੰਗਰੇਜ਼ੀ ਵਿੱਚ ਦੋ ਕਾਵਿ-ਟਿੱਪਣੀਆਂ (winners are people ਤੇ thought for the month) ਪੜ੍ਹਨ ਵਾਲੇ ਦਾ ਮਨੋਬਲ ਉੱਚਾ ਕਰਦੀਆਂ ਹਨ। ਇਹ ਗੱਲਾਂ ਮੈਂ ਤੁਹਾਡੇ ਨਾਲ ਫੋਨ 'ਤੇ ਵੀ ਕਰ ਸਕਦਾ ਸਾਂ, ਪਰ ਚਿੱਠੀ ਲਿਖਣ ਦਾ ਜੋ ਅਨੰਦ ਹੈ ਉਹ ਫੋਨ ਦਾ ਨਹੀਂ।

*- ਕੇਸਰ ਸਿੰਘ 'ਕੇਸਰ', 1396, ਪੁਸ਼ਪਕ, ਸੈਕਟਰ 49-ਬੀ, ਚੰਡੀਗੜ੍ਹ*

# ਕਰਉ ਬੇਨੰਤੀਆ

## ਕੁਝ ਪੁਰਾਣੀਆਂ ਯਾਦਾਂ

ਬਰੇਲੀ ਤੋਂ ਡਾ. ਗੁਰਮੀਤ ਸਿੰਘ ਮਨਕਾਨ ਜੀ ਦੀ ਪੁਸਤਕ 'ਗੁਰੂ ਗ੍ਰੰਥ ਸਾਹਿਬ ਮੇਂ ਸੰਗੀਤ ਤੱਤਵ' ਪ੍ਰਾਪਤ ਹੋਈ ਹੈ। ਇਹ ਪੁਸਤਕ ਉਨ੍ਹਾਂ ਨੇ ਹਿੰਦੀ ਵਿੱਚ ਲਿਖੀ ਹੈ। ਡਾ. ਮਨਕਾਨ ਦੀ ਵਿਦਿਅਕ ਯੋਗਤਾ ਬੀ. ਕਾਮ, ਐਮ. ਏ. (ਅਰਥਸ਼ਾਸਤਰ) ਐਮ. ਏ. ਮਿਊਜ਼ਿਕ ਅਤੇ ਪੀ. ਐਚ. ਡੀ. ਹੈ। ਆਪ ਬਰੇਲੀ ਕਾਲਜ ਦੇ ਸੰਗੀਤ ਵਿਭਾਗ ਵਿੱਚ ਕੰਮ ਕਰਦੇ ਹਨ। ਪੁਸਤਕ ਦੀ ਪ੍ਰਕਾਸ਼ਨਾ ਦਿਵਯ ਪ੍ਰਕਾਸ਼ਨ, ਗੁਰਦੁਆਰਾ ਕੋਹਾੜਾ ਪੀਰ, ਬਰੇਲੀ ਤੋਂ ਕੀਤੀ ਗਈ ਹੈ। ਪੁਸਤਕ ਵਿੱਚ ਸਿੱਖ ਗੁਰੂਆਂ ਦਾ ਸੰਖੇਪ ਜੀਵਨ ਵਿਵਰਣ, ਗੁਰੂ ਗ੍ਰੰਥ ਸਾਹਿਬ ਦੀ ਰਚਨਾ, ਗੁਰੂ ਗ੍ਰੰਥ ਸਾਹਿਬ ਵਿੱਚ ਸੰਗੀਤ (ਗਾਇਨ, ਗੁਰੂ ਵਾਦਯ ਅਤੇ ਨਰਿੱਤ), ਗੁਰੂ ਗ੍ਰੰਥ ਸਾਹਿਬ ਵਿੱਚ ਰਾਗ ਮਾਲਾ, ਗੁਰੂ ਗ੍ਰੰਥ ਸਾਹਿਬ ਵਿੱਚ ਕੀਤਰਨ, ਗੁਰੂ ਗ੍ਰੰਥ ਸਾਹਿਬ ਦੀਆਂ ਹੋਰ ਵਿਲੱਖਤਾਵਾਂ, ਕੀਰਤਨ ਵਿਚ ਪ੍ਰਯੋਗ ਹੋਣ ਵਾਲੀਆਂ ਪ੍ਰਮੁੱਖ ਤਾਲਾਂ ਆਦਿ ਵਿਸ਼ੇ ਵਿਚਾਰੇ ਗਏ ਹਨ। ਪੁਸਤਕ ਲਈ ਡਾ. ਮਨਕਾਨ ਨੂੰ ਸ਼ੁਭਕਾਮਨਾਵਾਂ ਦੇਣ ਵਾਲਿਆਂ ਵਿੱਚ ਸ੍ਰ. ਸੁਰਜੀਤ ਸਿੰਘ ਬਰਨਾਲਾ, ਗਵਰਨਰ ਉਤਰਾਂਚਲ, ਡਾ. ਅਰਵਿੰਦਰ ਕੁਮਾਰ ਚਤੁਰਵੇਦੀ ਰੀਡਰ ਸੰਗੀਤ ਵਿਭਾਗ ਬਰੇਲੀ ਕਾਲਜ, ਪ੍ਰੋ. ਜ਼ਹਿਦ ਹੁਸੈਨ ਜ਼ੈਦੀ ਵਾਈਸ ਚਾਂਸਲਰ, ਰੁਹੇਲਖੰਡ ਯੂਨੀਵਰਸਿਟੀ, ਡਾ. ਆਰ ਪੀ ਸਿੰਘ ਪ੍ਰਿੰਸੀਪਲ, ਬਰੇਲੀ ਕਾਲਜ ਪ੍ਰੋ. ਸ਼ਸ਼ੀਕਾਂਤ ਅਗਨੀਹੋਤਰੀ ਮੁਖੀ ਸੰਗੀਤ ਵਿਭਾਗ, ਬਰੇਲੀ ਕਾਲਜ, ਡਾ. ਜੋਗਾ ਸਿੰਘ ਮੁਖੀ ਇਤਿਹਾਸ ਵਿਭਾਗ, ਬਰੇਲੀ ਕਾਲਜ ਦੇ ਨਾਮ ਸ਼ਾਮਲ ਹਨ। ਡਾ. ਮਨਕਾਨ ਨੇ ਇਹ ਪੁਸਤਕ ਆਪਣੇ ਪਿਤਾ ਸ੍ਰ. ਇੰਦਰ ਸਿੰਘ ਅਤੇ ਮਾਤਾ ਰਣਜੀਤ ਕੌਰ ਨੂੰ ਸਮਰਪਿਤ ਕੀਤੀ ਹੈ। ਇਸ ਪੁਸਤਕ ਲਈ ਮੈਂ ਡਾ. ਮਨਕਾਨ ਨੂੰ ਵਧਾਈ ਦਿੰਦਾ ਹਾਂ।

ਜਦੋਂ ਇਸ ਪੁਸਤਕ ਦੀ ਪ੍ਰਕਾਸ਼ਨਾ ਦਾ ਐਡਰੈਸ ਗੁ: ਕੋਹਾੜਾ ਪੀਰ ਪੜ੍ਹਿਆ ਤਾਂ ਪੁਰਾਣੀਆਂ ਯਾਦਾਂ ਤਾਜ਼ਾ ਹੋ ਗਈਆਂ। ਉਦੋਂ ਮੈਂ ਚੌਥੀ ਜਾਂ ਪੰਜਵੀਂ ਸ਼੍ਰੇਣੀ ਵਿੱਚ ਪਿੰਡ ਮਾਠਖੇੜਾ ਤਹਿ. ਬਿਲਾਸ ਪੁਰਾ ਜ਼ਿਲ੍ਹਾ ਰਾਮਪੁਰਾ ਵਿੱਚ ਪੜ੍ਹਦਾ ਸਾਂ। ਉੱਥੇ ਸਾਡੀ ਜ਼ਮੀਨ ਸੀ, ਖੇਤੀਬਾੜੀ ਕਰਦੇ ਸਾਂ। ਸਕੂਲ ਨਵਾਂ ਹੀ ਖੁੱਲ੍ਹਿਆ ਸੀ। ਉਸਦਾ ਪਹਿਲਾ ਦੂਜਾ ਵਿਦਿਆਰਥੀ ਸਾਂ। ਖੇਤੀ ਕਰਦਿਆਂ ਕਰਦਿਆਂ ਜਦੋਂ ਮਨ ਵਿੱਚ ਉਛਾਲਾ ਆਉਂਦਾ ਤਾਂ ਪਿਤਾ ਜੀ ਹਰਮੋਨੀਅਮ ਦੇ ਨਾਲ ਨਾਲ ਮੈਨੂੰ ਵੀ ਨਾਲ ਲੈ ਕੇ ਕੀਰਤਨ ਲਈ ਚੱਲ ਪੈਂਦੇ। ਦਸੰਬਰ ਦੇ ਆਖਰੀ ਹਫਤੇ ਵਾਲੀਆਂ ਸਕੂਲ ਦੀਆਂ ਛੁੱਟੀਆਂ ਸਮੇਂ ਅਜਿਹੇ ਕੀਰਤਨ ਟੂਰ ਤਾਂ ਲੱਗਦੇ ਹੀ ਸਨ। ਸਾਡਾ ਪਹਿਲਾ ਪੜਾਅ ਰਾਮਪੁਰ ਦਾ ਹੁੰਦਾ ਸੀ। ਉੱਥੇ ਰੇਲਵੇ ਸਟੇਸ਼ਨ ਦੇ ਨੇੜੇ ਕਰਤਾਰ ਹੋਟਲ ਵਾਲੇ ਸ੍ਰ. ਕਰਤਾਰ ਸਿੰਘ ਨਾਲ ਪ੍ਰੇਮ ਸੀ। ਉਹਨਾਂ ਦੇ ਲੜਕੇ ਅਜੀਤ ਸਿੰਘ ਅਤੇ ਸਤਨਾਮ ਸਿੰਘ ਮੇਰੇ ਹਾਣ ਦੇ ਸਨ। ਸਾਡੀ ਵੀ ਚੰਗੀ ਬਣਦੀ ਸੀ। ਹੁਣ ਤਾਂ ਮੁੱਦਤਾਂ ਹੋ ਗਈਆਂ ਉਨ੍ਹਾਂ ਨਾਲ ਸੰਪਰਕ ਨਹੀਂ ਹੋਇਆ।

ਉਨ੍ਹਾਂ ਦਿਨਾਂ ਦੀਆਂ ਯਾਦਾਂ ਵਿਚ ਬਿਲਾਸਪੁਰ ਦਾ ਗੁਰੂ ਨਾਨਕ ਸਕੂਲ ਵੀ ਪੂਰੀ ਤਰ੍ਹਾਂ ਵਸਿਆ ਹੋਇਆ ਹੈ। ਇਹ ਕਸਬਾ ਸਾਡੇ ਪਿੰਡੋਂ 7 ਮੀਲ ਦੂਰ ਸੀ। ਬਰਸਾਤਾਂ ਦੇ ਦਿਨਾਂ ਵਿੱਚ 11 ਮੀਲ ਦੂਰ ਹੋ ਜਾਂਦਾ ਸੀ। ਮੈਂ ਉਦੋਂ ਛੇਵੀਂ ਸੱਤਵੀਂ ਵਿੱਚ ਪੜ੍ਹਦਾ ਸੀ। ਬੜੀ ਮੁਸ਼ਕਲ ਨਾਲ ਕੱਚੇ ਰਸਤੇ ਤੇ ਸਾਈਕਲ ਚਲਾ ਕੇ ਸਕੂਲ ਪਹੁੰਚਦੇ। ਮੈਨੂੰ ਪੜ੍ਹਨ ਦਾ ਅਤੇ ਘਰ ਵਾਲਿਆਂ ਨੂੰ ਪੜ੍ਹਾਉਣ ਦਾ ਜਨੂੰਨ ਸੀ ਬਿਲਾਸਪੁਰ ਮੇਰੇ ਤਾਇਆ ਜੀ ਗਿਆਨੀ ਤਖ਼ਤ ਸਿੰਘ ਦੇ ਕੁੜਮ ਸ੍ਰ. ਕੇਸਰ ਸਿੰਘ ਹੋਰੀ ਰਹਿੰਦੇ ਸਨ। ਉਨ੍ਹਾਂ ਦਾ ਲੜਕਾ ਬਲਬੀਰ ਸਿੰਘ ਮੇਰੇ ਤੋਂ 2-3 ਸਾਲ ਵੱਡਾ ਸੀ। ਹੁਣ ਉਨ੍ਹਾਂ ਦੇ ਪਰਿਵਾਰ ਵਿਚੋਂ ਕੁਝ ਚੰਗੇ ਅਹੁਦਿਆਂ 'ਤੇ ਨੌਕਰੀ ਕਰ ਰਹੇ ਹਨ। ਬਿਲਾਸਪੁਰ ਹਰ ਸੋਮਵਾਰ ਇੱਕ ਵਿਸ਼ੇਸ਼ ਬਾਜ਼ਾਰ ਲਗਦਾ ਸੀ। ਉੱਥੇ ਮੇਰਾ ਮਾਮਾ ਸ੍ਰ. ਦਰਸ਼ਨ ਸਿੰਘ ਆਉਂਦਾ ਸੀ। ਉਹ ਮੈਨੂੰ ਬੜਾ ਪਿਆਰ ਕਰਦਾ। ਮੈਨੂੰ ਇਕ ਅਠਿਆਨੀ ਦਿੰਦਾ ਹੁੰਦਾ ਸੀ। ਇਸ ਮਾਮੇ ਨੂੰ ਪੜ੍ਹਨ ਦਾ ਸ਼ੌਕ ਸੀ। ਪਾਠੀ ਵੀ ਚੰਗਾ ਹੈ ਪਰ ਜ਼ਮੀਨ ਵਧਾਉਣ ਦੇ ਜੰਜਾਲ ਨੇ ਜਿਵੇਂ ਜਕੜ ਹੀ ਲਿਆ ਹੈ।

ਕੀਰਤਨ ਟੂਰ ਵਿੱਚ ਰਾਮਪੁਰ ਤੋਂ ਬਰੇਲੀ ਪੁੱਜਦੇ ਸਾਂ। 1959-60 ਵਿੱਚ ਅਸੀਂ ਉਦੋਂ ਗੁਰਦੁਆਰਾ ਪਤਾਸਿਆਂ ਵਾਲੀ ਗਲੀ ਵਿੱਚ ਕੀਤਰਨ ਕੀਤਾ ਅਤੇ ਗੁਰਦੁਆਰਾ ਕੋਹਾੜਾ ਪੀਰ ਵਿਖੇ ਵੀ ਕੀਰਤਨ ਕੀਤਾ। ਉੱਥੇ ਇਕ ਬਾਜ਼ਾਰ ਹੈ ਜਿੱਥੇ ਚਾਂਦੀ ਦੇ ਵਰਕ ਬਣਦੇ ਹਨ। ਸਾਰਾ ਦਿਨ ਹਥੌੜੀਆਂ ਦੀ ਠਕ ਠਕ ਇੱਕ ਅਜੀਬ ਜਿਹਾ ਮਾਹੌਲ ਬਣਿਆ ਰਹਿੰਦਾ ਹੈ।

ਮੈਂ ਪਿਤਾ ਜੀ ਨਾਲ ਕੋਈ ਸਾਜ਼ ਨਹੀਂ ਸੀ ਵਜਾਉਂਦਾ। ਉਨ੍ਹਾਂ ਨਾਲ ਤਬਲਾ ਵਜਾਉਣ ਵਾਲੇ ਅਤੇ ਸਹਾਇਕ ਰਾਮਪੁਰ ਦੇ ਸੱਜਣ ਸਨ। ਮੈਂ ਤਾਂ ਪਿੱਛੇ ਬੈਠ ਕੇ ਆਪਣੀ ਪਤਲੀ ਜਿਹੀ ਅਵਾਜ਼ ਨਾਲ ਸ਼ਬਦਾਂ ਹੀ ਗਾਉਂਦਾ ਸਾਂ। ਸੰਗਤਾਂ ਜਦੋਂ ਤਾਰੀਫ ਕਰਦੀਆਂ ਸਨ ਤਾਂ ਬੜਾ ਚੰਗਾ ਲਗਦਾ ਸੀ। ਇਨ੍ਹਾਂ ਦਿਨਾਂ ਵਿੱਚ ਹੀ ਮੈਨੂੰ ਸਫਰ ਕਰਨ ਦੀ ਜਾਚ ਆਈ। ਸੰਗਤਾਂ ਵਿੱਚ ਵਿਚਰਨ ਦਾ ਤਰੀਕਾ ਉਦੋਂ ਹੀ ਸਿੱਖਿਆ। ਇਹ ਸਮਾਂ ਮੇਰੇ ਲਈ ਬੜਾ ਮਹੱਤਵਪੂਰਨ ਸੀ।

ਉਦੋਂ ਤੋਂ ਲਗਭਗ 24-25 ਸਾਲ ਬਾਅਦ ਬਰੇਲੀ ਫਿਰ ਕੀਰਤਨ ਕਰਨ ਲਈ ਗਿਆ ਸਾਂ। ਉਦੋਂ ਮੇਰਾ ਆਪਣਾ ਰਾਗੀ ਜਥਾ ਸੀ। ਉੱਥੇ ਇੱਕ ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਨਾਮ 'ਤੇ ਹੈ। ਇੱਥੇ ਗੁਰੂ ਤੇਗ ਬਹਾਦਰ ਜੀ ਦਾ ਜਨਮ ਦਿਹਾੜਾ ਬੜੀ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਉਸ ਸਾਲ ਵਿਸਾਖੀ ਅਤੇ ਗੁਰੂ ਤੇਗ ਬਹਾਦਰ ਜੀ ਦਾ ਜਨਮ ਦਿਵਸ ਇਕੋ ਦਿਨ ਹੀ ਆਏ ਸਨ। ਅਸੀਂ ਚਾਰ ਪੰਜ ਦਿਨ ਕੀਰਤਨ ਕੀਤਾ ਸੀ। ਸ੍ਰ. ਮਨੋਹਰ ਸਿੰਘ ਹੋਰਾ ਅਤੇ ਕਾਫੀ ਸੱਜਣਾਂ ਦਾ ਪਿਆਰ ਸਤਿਕਾਰ ਪ੍ਰਾਪਤ ਹੋਇਆ।

ਬੀਤੇ ਸਮੇਂ ਬਾਰੇ ਗੱਲਾਂ ਕਰਨਾ, ਉਸ ਸਮੇਂ ਵਾਪਰੀਆਂ ਚੰਗੀਆਂ ਘਟਨਾਵਾਂ ਨੂੰ ਯਾਦ ਕਰਨਾ ਚੰਗਾ ਲਗਦਾ ਹੈ, ਪਰ ਲਾਭ ਤਾਂ ਹੀ ਹੈ ਜੇ ਉਸ ਸਮੇਂ ਤੋਂ ਸਿੱਖਿਆ ਪ੍ਰਾਪਤ ਕਰਕੇ ਹੁਣ ਦੇ ਜੀਵਨ ਨੂੰ ਹੋਰ ਚੰਗੇਰਾ ਬਣਾਇਆ ਜਾਵੇ। ਇਸ ਵਾਰ ਦੀ ਸੰਪਾਦਕੀ ਵਿੱਚ ਇਹੋ ਕੁਝ ਲਿਖ ਸਕਿਆ ਹਾਂ। ਪਾਠਕ ਜੀ ਖਿਮਾ ਕਰਨਾ।

# ਕੀ ਸਚਮੁਚ ਇਹ ਸੰਸਾਰ ਇਕ ਭਿਆਨਕ ਜੰਗਲ ਹੈ ?

## ਭਗਵੰਤ ਸਿੰਘ ਦਲਾਵਰੀ

Tapovan, Amravati 444602 (Maharashtra)

ਜਦ ਤੱਕ ਗੁਰੂ ਦੀ ਗੱਲ, ਗੁਰੂ ਦਾ ਸ਼ਬਦ, ਗੁਰੂ ਦਾ ਪਿਆਰ ਜਾਂ ਗੁਰੂ ਦਾ ਰਹਿਮ ਆਪਣੀ ਸਮਝ ਵਿੱਚ ਨਹੀਂ ਆਉਂਦਾ, ਤਦ ਤੱਕ ਅਸੀਂ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਤਾਂ ਟੇਕਦੇ ਹਾਂ ਪਰ ਇੱਕ ਕਰਮਕਾਂਡੀ ਸੁਭਾ ਬਣ ਜਾਣ ਕਰਕੇ। ਅਸਲ ਵਿੱਚ ਜਦ ਗੁਰੂ ਦੀ ਸੋਇ ਸੁਣੀਏ ਤਾਂ ਅੰਦਰ ਹਲਚਲ ਮਚ ਜਾਣੀ ਚਾਹੀਦੀ ਹੈ ਤੇ ਤਨ-ਮਨ ਖਿੜ ਜਾਣਾ ਚਾਹੀਦਾ ਹੈ ਤੇ ਜੇ ਗੁਰੂ ਨੂੰ ਮਿਲਣ ਗੁਰੂ ਦੇ ਰਾਹ ਤੇ ਚਲ ਪਈਏ ਤਾਂ ਅੰਦਰ ਠੰਢ ਪੈਣੀ ਚਾਹੀਦੀ ਹੈ। ਜਦ ਇਸ ਹਾਲਤ ਵਿੱਚ ਗੁਰੂ ਦੇ ਹਜ਼ੂਰ ਪਹੁੰਚਾਂਗੇ ਤਾਂ ਬਿਲਾਸ਼ਕ ਦਰਸ਼ਨ ਕਰਦਿਆਂ ਹੀ ਨਿਹਾਲ ਹੋ ਜਾਵਾਂਗੇ। ਪਰ ਅਫਸੋਸ ਦੀ ਗੱਲ ਦੇਖੋ ਕਿ ਸਾਡੇ ਘਰਾਂ ਵਿੱਚ ਗੁਰੂ ਦਾ ਪ੍ਰਕਾਸ਼ ਹੁੰਦਾ ਹੈ, ਅਸੀਂ ਦਿਨ ਵਿੱਚ ਕਈ-ਕਈ ਵਾਰ ਗੁਰੂ ਦੇ ਦਰਸ਼ਨ ਕਰਦੇ ਹਾਂ ਗੁਰਦੁਆਰੇ ਵਿੱਚ ਜਾਂ ਕਿਸੇ ਦੇ ਘਰ ਕਿਸੇ ਪ੍ਰੋਗਰਾਮ ਵਿੱਚ ਕਿਸੇ ਅਨੰਦ ਕਾਰਜ ਜਾਂ ਮੌਤ ਦੇ ਪਾਠ ਦੇ ਭੋਗ 'ਤੇ, ਪਰ ਸਾਡਾ ਚਿਹਰਾ ਮੁਰਝਾਇਆ ਰਹਿੰਦਾ ਹੈ, ਸਾਡਾ ਦਿਲ ਰੋਂਦਾ ਹੈ, ਸਾਡੇ ਕਲੇਜੇ ਵਿੱਚ ਈਰਖਾ ਵਸਦੀ ਰਹਿੰਦੀ ਹੈ ਤੇ ਅਸੀਂ ਸੜਦੇ-ਕੁੜਦੇ ਰਹਿੰਦਾ ਹਾਂ। ਕੀ ਸਾਨੂੰ ਆਪਣਾ ਆਪ ਖੋਜਣ ਦੀ ਲੋੜ ਨਹੀਂ ? ਕੀ ਸਾਨੂੰ ਗੁਰੂ ਦੇ ਹੁਕਮਾਂ ਤੇ ਯਕੀਨ ਨਹੀਂ ? ਕੀ ਅਸੀਂ ਨਹੀਂ ਚਾਹੁੰਦੇ ਗੁਰੂ ਦੀਆਂ ਰਹਿਮਤਾਂ ਜੋ ਦਰਜ ਹਨ ਗੁਰੂ ਗ੍ਰੰਥ ਸਾਹਿਬ ਵਿੱਚ ਇਹ ਸਾਡੇ ਹਿਰਦੇ ਵਿੱਚ ਆ ਵਸਣ ? ਜੇ ਚਾਹੁੰਦੇ ਹਾਂ ਤਾਂ ਅੱਜ ਵਿਚਾਰ ਕਰੀਏ ਕਿ ਅਸੀਂ ਕਿਉਂ ਸੜਦੇ ਧੁਖਦੇ ਰਹਿੰਦੇ ਹਾਂ ਜਦ ਸਾਡਾ ਗੁਰੂ ਕਹਿੰਦਾ ਹੈ:

1) ਅਸੀਂ ਦਿਨ-ਰਾਤ ਸੁਖੀ ਰਹਿ ਸਕਦੇ ਹਾਂ।
2) ਸਾਡੇ ਅੰਦਰ ਹਰ ਵੇਲੇ ਸੀਤਲਤਾ ਵਸ ਸਕਦੀ ਹੈ।
3) ਸਾਡਾ ਹਿਰਦਾ ਅਨੰਦ ਮਾਣ ਸਕਦਾ ਹੈ।
4) ਕਰੋੜਾਂ ਰਾਜਾਂ ਵਰਗਾ ਸੁੱਖ ਸਾਨੂੰ ਮਿਲ ਸਕਦਾ ਹੈ।
5) ਸਾਨੂੰ ਸੁਪਨੇ ਵਿੱਚ ਵੀ ਦੁੱਖ ਨਹੀਂ ਹੋਣਾ ਚਾਹੀਦਾ।
6) ਸਾਨੂੰ ਅਤਿਅੰਤ ਸ਼ਾਂਤੀ ਤੇ ਸੰਤੋਖ ਮਿਲ ਸਕਦੇ ਹਨ।
7) ਸਾਡਾ ਜੀਵਨ ਪੂਰੀ ਤਰ੍ਹਾਂ ਨਿਰਵੈਰ ਹੋ ਸਕਦਾ ਹੈ।
8) ਅਸੀਂ ਪੂਰੀ ਤਰ੍ਹਾਂ ਸਰਬਤ ਦੇ ਭਲੇ ਵਿੱਚ ਜੀ ਸਕਦੇ ਹਾਂ।
9) ਅਸੀਂ ਸਾਰੀ ਮਾਨਸ ਜਾਤੀ ਨੂੰ ਇੱਕੋ ਜਿਹਾ ਸਮਝ ਕੇ ਸਭ ਨਾਲ ਪਿਆਰ ਕਰ ਸਕਦੇ ਹਾਂ।
10) ਅਸੀਂ ਗੁਰੂ ਦੀ ਹਜ਼ੂਰੀ ਵਿੱਚ ਦਿਨ-ਰਾਤ ਜੀ ਕੇ ਬਿਸਰਾਮ ਨਿਧੀ ਜਮ੍ਹਾਂ ਕਰ ਸਕਦੇ ਹਾਂ।

ਹੋਰ ਸਾਫ ਗੱਲ ਇਹ ਹੈ ਕਿ ਸਾਡਾ ਗੁਰੂ 'ਸਚੇ ਕੀ ਕੋਠੜੀ' ਕਹਿੰਦਾ ਹੈ ਇਸ ਜਗ ਨੂੰ ਜੇ ਨਾਮ ਵਿੱਚ ਜੀਵੀਏ। ਦੂਜੇ ਪਾਸੇ ਜਗ ਨੂੰ 'ਮਹਾਂ ਭਇਆਨ ਉਦਿਆਨ' ਕਹਿੰਦਾ ਹੈ ਜੇ ਸਾਡਾ ਜੀਵਨ ਅੰਦਰੋਂ ਹੋਰ ਤੇ ਬਾਹਰੋਂ ਹੋਰ ਹੈ, ਤੇ ਸਾਨੂੰ ਆਦਤ ਹੈ ਸਚ ਨੂੰ ਝੂਠ ਤੇ ਝੂਠ ਨੂੰ ਸਚ ਕਹਿਣ ਦੀ।

ਕਲ ਜਦ ਸਾਧਾਰਣ ਪਾਠ ਕਰਦਿਆਂ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੇ ਪੰਨ 707-708 ਤੇ ਇਹ ਪਉੜੀ:

*ਮਹਾ ਭਇਆਨ ਉਦਿਆਨ ਨਗਰ ਕਰ ਮਾਨਿਆ॥*
*ਝੂਠ ਸਮਗ੍ਰੀ ਪੇਖਿ ਸਚੁ ਕਰਿ ਜਾਨਿਆ॥*
*ਕਾਮ ਕ੍ਰੋਧ ਅਹੰਕਾਰਿ ਫਿਰਹਿ ਦੇਵਾਨਿਆ॥*
*ਸਿਰ ਲਗਾ ਜਮ ਡੰਡੁ ਤਾ ਪਛੁਤਾਨਿਆ॥*
*ਬਿਨੁ ਪੂਰੇ ਗੁਰਦੇਵ ਫਿਰੈ ਸੈਤਾਨਿਆ॥* (ਪੰਨਾ 707-708)

ਪੜ੍ਹੀ ਤਾਂ ਦੋ ਗੱਲਾਂ ਦਾ ਧਿਆਨ ਆਇਆ। ਇੱਕ ਤਾਂ ਇਹ ਕਿ ਅਸੀਂ ਆਪਣੇ ਸੁਖੀ ਜੀਵਨ ਨੂੰ ਆਪ ਦੁਖੀ

ਕਰਦੇ ਹਾਂ, ਕਿਉਂਕਿ ਪਹਿਲਾਂ ਹੀ ਗਲਤ ਸਮਝ ਨਾਲ ਚਲਦੇ ਹਾਂ। ਸਾਹਿਬ ਕਹਿੰਦੇ ਹਨ ਕਿ ਇਹ ਦੁਨੀਆਂ ਇਕ ਭਇਆਨਕ ਜੰਗਲ ਹੈ ਪਰ ਅਸੀਂ ਇਸਨੂੰ ਸੁਹਣਾ ਨਗਰ ਕਰ ਕੇ ਮੰਨੀ ਬੈਠੇ ਹਾਂ ਤੇ ਜਦ ਸਚ ਸਾਹਮਣੇ ਆਉਂਦਾ ਹੈ ਦੁਖੀ ਹੁੰਦੇ ਹਾਂ। ਆਉ ਵੇਖੀਏ ਕਿਵੇਂ?

1. ਇਹ ਤਾਂ ਸਭ ਨੂੰ ਪਤਾ ਹੈ ਕਿ ਅਸੀਂ ਸਭ ਨੇ ਮਰ ਜਾਣਾ ਹੈ ਪਰ ਅਸੀਂ ਬੇਖਬਰ ਹੀ ਨਹੀਂ ਰਹਿੰਦੇ ਸਗੋਂ ਇਹੋ ਸਮਝਦੇ ਹਾਂ ਕਿ ਅਸੀਂ ਸਦਾ ਇੱਥੇ ਰਹਿਣਾ ਹੈ। "ਸਮਾਨ ਸੌ ਬਰਸ ਕਾ ਪਲ ਕੀ ਖਬਰ ਨਹੀ", ਅਗਰ ਮੌਤ ਯਾਦ ਰਹਵੇ ਤਾਂ ਸਾਡਾ ਜੀਵਨ ਮਿਲਾਪੜਾ, ਸੁਖਾਵਣਾ, ਪ੍ਰੇਮਵਾਲਾ ਹੋਵੇਗਾ। ਸਾਡਾ ਜੀ ਕਰੇਗਾ ਬੁਰੇ ਦਾ ਭਲਾ ਕਰੀਏ, ਆਪ ਹੰਕਾਰ ਰਹਿਤ ਜੀਵੀਏ, ਲੋਕਾਂ ਦੀ ਸੇਵਾ ਕਰੀਏ, ਸੰਤੋਖ ਵਿੱਚ ਰਹਿ ਕੇ ਤ੍ਰਿਸ਼ਨਾ ਦੀ ਅੱਗ ਵਿਚ ਨਾ ਸੜੀਏ। ਕਿਉਂਕਿ ਅਸੀਂ ਆਪ ਨਾਸ਼ਵਾਨ ਸੰਸਾਰ ਨੂੰ ਸਦੀਵੀ ਨਗਰ ਮੰਨ ਲੈਂਦੇ ਹਾਂ ਤੇ ਆਪਣਾ ਜੀਵਨ ਐਸ਼ੋ-ਇਸ਼ਰਤ ਵਿੱਚ ਗੁਜਾਰਦੇ ਹਾਂ, ਸਿਹਤ ਖਰਾਬ ਕਰ ਲੈਂਦੇ ਹਾਂ, ਗੁਰੂ ਤੋਂ ਬੇਮੁਖ ਹੋ ਜਾਂਦੇ ਹਾਂ ਤੇ ਦੁੱਖਾਂ ਦੇ ਘੇਰੇ ਵਿੱਚ ਆ ਜਾਂਦੇ ਹਾਂ ਭਾਵੇਂ ਗੁਰੂ ਨਾਨਕ ਸਾਹਿਬ ਨੇ ਆਸਾ ਦੀ ਵਾਰ ਵਿੱਚ ਦੱਸਿਆ ਸੀ- ਰਾਜਾ, ਪਰਜਾ, ਸੰਸਾਰ, ਮੰਡਪ, ਮਾੜੀਆਂ, ਸੋਨਾ-ਚਾਂਦੀ, ਕਾਇਆ, ਕਪੜ, ਖ਼ੂਬਸੂਰਤੀ ਆਦਿ ਸਭ ਨਾਸ਼ਵਾਨ ਹਨ, ਪਰ ਅਸੀਂ ਕੂੜ ਹੀ ਕੂੜ ਨਾਲ ਦੋਸਤੀ ਪਾਈ ਰੱਖਦੇ ਹਾਂ ਤੇ ਕਰਤਾਰ ਦਾ ਪਿਆਰ ਗੁਆ ਲੈਂਦੇ ਹਾਂ। ਅਸੀਂ ਤਾਂ ਬੇਗਮਪੁਰਾ ਸ਼ਹਿਰ ਬਨਾਣਾ ਸੀ ਨਾਮ ਦੇ ਰੰਗ ਵਿਚ ਇਸ ਜੰਗਲ ਨੂੰ, ਪਰ ਅਸੀਂ ਆਪਣਾ ਆਪ ਹੋਰ ਗੁਆ ਲੈਂਦੇ ਹਾਂ ਅਪਣੀ ਆਦਤ ਨਾਲ।

2. ਸਾਡੇ ਪੁੱਤਰ ਧੀਆਂ, ਜੁਆਈ, ਪਤੀ-ਪਤਨੀ ਸਭ ਨਾਸ਼ਵਾਨ ਹਨ ਪਰ ਅਸੀਂ ਮੋਹ ਦੇ ਚਿਕੜ ਵਿੱਚ ਮਾਇਆ ਦੀ ਹਨੇਰੀ ਵਿੱਚ ਝੂਠੀ ਸਮੱਗਰੀ ਨੂੰ ਦੇਖ-ਦੇਖ ਕੇ ਸਚ ਸਮਝਦੇ ਰਹਿੰਦੇ ਹਾਂ। ਇਸ ਲਈ ਸਚ ਦੇ ਉਘੜਣ ਨਾਲ ਦੁਖੀ ਹੁੰਦੇ ਹਾਂ। ਜੇ ਸਾਡਾ ਕੋਈ ਸਾਕ ਸਬੰਧੀ ਮਰਦਾ ਹੈ, ਸਾਡਾ ਪੈਸਾ ਘਟਦਾ ਹੈ, ਸਾਕ-ਮਿਤਰ ਸਾਨੂੰ ਧੋਖਾ ਦੇ ਜਾਂਦੇ ਹਨ ਜਾਂ ਸਾਡੀਆਂ ਇੰਦਰੀਆਂ ਕੰਮ ਕਰਨੋਂ ਰਹਿ ਜਾਂਦੀਆਂ ਹਨ ਤਾਂ ਦੁਖੀ ਹੁੰਦੇ ਹਾਂ। ਭਾਵੇਂ ਕਸੂਰ ਸਾਡਾ ਆਪਣਾ ਹੁੰਦਾ ਹੈ ਅਸੀਂ ਦੂਜਿਆਂ ਨੂੰ ਦੋਸ਼ ਦੇਂਦੇ ਹਾਂ। ਅਸੀਂ ਜੀਵਨ ਸੰਜਮ ਨਾਲ ਨਹੀਂ ਗੁਜ਼ਾਰਦੇ, ਨਾਮ ਦੀ ਹਜ਼ੂਰੀ ਵਿੱਚ ਨਹੀਂ ਜੀਉਂਦੇ। ਦਇਆ, ਧਰਮ, ਸੰਤੋਖ, ਧੀਰਜ ਵਿੱਚ ਨਹੀਂ ਰਹਿੰਦੇ ਤੇ ਝੂਠ ਨੂੰ ਸੱਚ ਮੰਨਦੇ ਹਾਂ, ਸੁ ਦੁਖੀ ਹੁੰਦੇ ਹਾਂ ਤੇ ਨਾਲ ਹੀ ਪ੍ਰਭੂ ਦੀ ਰਹਿਮਤ ਵੀ ਗੁਆ ਲੈਂਦੇ ਹਾਂ। ਜੇ ਗੁਰੂ ਦੇ ਹੁਕਮਾਂ ਦੀ ਪਾਲਣਾ ਕਰਦੇ ਤਾਂ ਹੁਕਮ ਮੰਨਦੇ। ਵੇਖੋ-

1) ਅੰਨੇ ਵਾਹ ਮੌਜਾਂ ਕਰਦੇ ਹਾਂ ਇਕ ਚੀਜ਼ ਘਟ ਮਿਲੇ ਜਾਂ ਨਾ ਮਿਲੇ ਜਾਂ ਵਾਪਸ ਲੈ ਲਈ ਜਾਏ ਤਾਂ ਹਾਲ-ਦੁਹਾਈ ਪਾਂਦੇ ਹਾਂ। ਅਗਿਆਨੀਆਂ ਵਾਂਗ ਰੋਸ ਕਰਦੇ ਹਾਂ ਤੇ ਆਪਣੀ ਪ੍ਰਤੀਤ ਆਪ ਹੀ ਖੋਹ ਬੈਠਦੇ ਹਾਂ, ਗੁਰੂ ਵੀ ਵਿਸ਼ਵਾਸ਼ ਨਹੀਂ ਕਰਦਾ ਸਾਡੇ ਤੇ।

2) ਜੇ ਗੁਰੂ ਦੇ ਹੁਕਮ ਨੂੰ ਸਿਰ ਮੱਥੇ ਪਿਆਰ ਨਾਲ ਮੰਨ ਲਈਏ ਤੇ ਗੁਰੂ ਦੀ ਅਮਾਨਤ ਪਿਆਰ ਨਾਲ ਵਾਪਸ ਕਰ ਦੇਈਏ, ਖੁਸ਼ੀ ਨਾਲ ਉਹਦੇ ਅੱਗੇ ਰੱਖ ਦੇਈਏ ਤੇ ਹੁਕਮ ਮੰਨੀਏ ਖਿੜੇ ਮੱਥੇ ਤਾਂ ਤੇ ਸਾਹਿਬ ਸਾਨੂੰ ਅੱਗੇ ਨਾਲੋਂ ਚਾਰ ਗੁਣਾ ਵਧ ਖੇੜਾ ਦਿੰਦੇ, ਕਿਉਂਕਿ ਪ੍ਰਭੂ ਤਾਂ ਸਦਾ ਹੀ ਦਇਆਲੂ ਹੈ।

3. ਹੁਣ ਹੋਰ ਦੁਖੀ ਇਸ ਲਈ ਹੁੰਦੇ ਹਾਂ ਕਿ ਜਦ ਝੂਠ ਨੂੰ ਸਚ ਮੰਨ ਕੇ ਆਪਣੇ ਹੰਕਾਰ ਕਰੋਧ ਵਿੱਚ ਜੀਂਦੇ ਹਾਂ ਤੇ ਹੋਰਨਾਂ ਦਾ ਹੰਕਾਰ ਕਰੋਧ ਸਾਡੇ ਹੰਕਾਰ ਕਰੋਧ ਨਾਲ ਟਕਰਾਂਦਾ ਹੈ, ਅੱਗ ਨਿਕਲਦੀ ਹੈ, ਭਾਂਬੜ ਬਲਦੇ ਹਨ, ਅੰਮ੍ਰਿਤ ਜਲ ਨਾਮ ਦਾ ਹੈ ਨਹੀਂ, ਅੱਗ ਬੁਝਦੀ ਨਹੀਂ ਤੇ ਕਾਮ ਵਾਸ਼ਨਾ ਸਾਨੂੰ ਹੋਰ ਖੱਜਲ ਕਰਦੀ ਹੈ। ਸਚਮੁਚ ਪਾਗਲ ਹੋ ਜਾਂਦੇ ਹਾਂ। ਜੇ ਗੁਰੂ ਕਿਰਪਾ ਕਰਕੇ ਕੋਈ ਗੁਰਮੁਖ ਪਿਆਰਾ ਸਾਨੂੰ ਸਿੱਧੇ ਰਾਹ ਪਾ ਦੇਵੇ ਤਾਂ ਵਾਹ-ਵਾਹ ਵਰਨਾ ਦੁੱਖਾਂ ਦੇ ਘੇਰੇ ਵਿੱਚ ਹੀ ਵਾਸਾ ਹੋ ਜਾਂਦਾ ਹੈ। ਇਸੇ ਲਈ ਸਾਹਿਬ ਕਹਿੰਦੇ ਹਨ ਕਿ ਭੁਲੇ ਹੋਏ ਨੂੰ ਗੁਰੂ ਹੀ ਮਾਰਗ ਦਿਖਾਂਦਾ ਹੈ ਤੇ ਬੰਦਾ ਵਡਭਾਗੀ ਹੋ ਜਾਂਦਾ ਹੈ। ਫਿਰ ਰਾਮਨਾਮ ਚੇਤੇ ਕਰ ਕਰ ਕੇ ਪ੍ਰਭੂ ਹਿਰਦੇ ਵਿੱਚ ਵਸ ਜਾਂਦਾ ਹੈ, ਬੰਧਨ ਕਟ ਜਾਂਦੇ ਹਨ, ਬੰਦਾ ਜੀਵਨ ਮੁਕਤ ਹੋ ਜਾਂਦਾ ਹੈ। ਪਰ ਜੇ ਸਤਿਸੰਗਤ ਨਾ ਮਿਲੇ ਤਾਂ ਇੱਥੇ ਵੀ ਤੇ ਅੱਗੇ ਵੀ ਮੂੰਹ ਕਾਲਾ ਹੀ ਹੁੰਦਾ ਹੈ।

4. ਦਰਗਾਹ ਵਿੱਚ ਜਮਾਂ ਦਾ ਡੰਨ ਤਾਂ ਲਗਦਾ ਹੀ ਹੈ ਪਰ ਇੱਥੇ ਹੀ ਬੰਦਾ ਡਾਹਡੀ ਦੁਖੀ ਹਾਲਤ ਵਿੱਚ ਰਹਿੰਦਾ ਹੈ। ਸਾਹਿਬ ਕਹਿੰਦੇ ਹਨ, ਮੈਂ ਦੇਖਿਆ ਹੈ ਜਿਨ੍ਹਾਂ ਨਾਮ ਵਿਸਾਰਿਆ ਉਹ ਸੁਆਹ ਖੇਹ ਹੋ ਗਏ ਕਿਉਂਕਿ ਝੂਠੇ ਪਿਆਰ

ਤਾਂ ਟੁਟਣੇ ਹੀ ਸਨ। ਜੀਵਦਿਆਂ ਵੀ ਕਈ ਮੁਸੀਬਤਾਂ, ਕਈ ਪੁਆੜੇ ਪੈਂਦੇ ਹਨ ਤਾਂ ਬੰਦਾ ਪਛਤਾਂਦਾ ਹੈ। ਅਸਲ ਵਿੱਚ ਜੇ ਖੋਜ ਕਰੀਏ ਤਾਂ ਪਤਾ ਲਗਦਾ ਹੈ। ਪੂਰਾ ਕਸੂਰ ਆਪਣਾ ਹੈ। ਸਾਹਿਬਾਂ ਕਿਹਾ ਸੀ:

1) ਕਰੋੜਾਂ ਵਿਘਨ ਪੈਣਗੇ ਉਨ੍ਹਾਂ ਦੇ ਕੰਮਾਂ ਵਿੱਚ ਜਿਨ੍ਹਾਂ ਨੂੰ ਨਾਮ ਵਿਸਰ ਜਾਏਗਾ।
2) ਉਹ ਖਾਲੀ ਘਰਾਂ ਵਿੱਚ ਜਿਵੇਂ ਕਾਂ, ਕਾਂ ਕਾਂ ਕਰਦਾ ਹੈ, ਇਸ ਤਰ੍ਹਾਂ ਚੀਕਣਗੇ।
3) ਬਿਪਤਾ ਹੈ ਹੀ ਉੱਥੇ ਜਿੱਥੇ ਹਰੀ ਸਿਮਰਨ ਨਹੀਂ।

ਪਿਆਰਿਉ, ਅਜੇ ਵੀ ਕੁਝ ਨਹੀਂ ਵਿਗੜਿਆ ਸਭ ਕੁਝ ਠੀਕ ਹੋ ਸਕਦਾ ਹੈ। ਇਹ ਭਇਆਨਕ ਜੰਗਲ ਬੇਗਮਪੁਰਾ ਸ਼ਹਿਰ ਬਣ ਸਕਦਾ ਹੈ। ਕਰਨਾ ਕੀ ਪਵੇਗਾ? ਗੁਰੂ ਸਾਹਿਬ ਨੂੰ ਸੱਚਾ ਤੇ ਪੂਰਾ ਗੁਰੂ ਮੰਨ ਕੇ ਉਨ੍ਹਾਂ ਦੇ ਹੁਕਮਾਂ ਤੇ ਚਲੀਏ।

5. ਜਦ ਤੱਕ ਪੂਰੇ ਗੁਰੂ ਦੇ ਹੁਕਮਾਂ ਤੇ ਚੱਲ ਕੇ ਆਪਣੇ ਜੀਵਨ ਨੂੰ ਸਵਾਰਦੇ, ਅਸੀਂ ਸ਼ੈਤਾਨਾਂ ਵਾਂਗ ਫਿਰਦੇ ਰਹਾਂਗੇ। ਪਰ ਜੇ ਗੁਰੂ ਦੀ ਗੱਲ ਸੁਣ ਲਈਏ ਤਾਂ ਵੇਖੋ ਕੀ ਹੋਵੇਗਾ।

1) ਜੋ ਸੁਖ ਗੁਰੂ ਦੀ ਸੇਵਾ ਵਿੱਚ ਹੈ ਉਹ ਰਾਜ ਵਿੱਚ ਹੀ ਨਹੀਂ।
2) ਹਰੀ ਦੇ ਗੁਣ ਗਾਣ ਵਿੱਚ ਕਰੋੜਾਂ ਅਨੰਦ ਹਨ।
3) ਕਰੋੜਾਂ ਅਨੰਦ ਤੇ ਰਾਜ ਸੁਖ ਭੋਗਦੇ ਹਾਂ ਜਦੋਂ ਹਰੀ ਦੇ ਸਿਮਰਨ ਵਿੱਚ ਰਹਿੰਦੇ ਹਾਂ।
4) ਸਭ ਨੂੰ ਮਿੱਤਰ ਬਣਾ ਲੈਂਦੇ ਹਾਂ ਤੇ ਸਾਰਿਆਂ ਦੇ ਮਿੱਤਰ ਬਣ ਜਾਂਦੇ ਹਾਂ।
5) ਸਾਡਾ ਨਾ ਕੋਈ ਵੈਰੀ ਰਹਿੰਦਾ ਹੈ, ਨਾ ਅਸੀਂ ਕਿਸੇ ਨਾਲ ਦੁਸ਼ਮਣੀ ਕਰਦੇ ਹਾਂ।
6) ਸਾਡੀ ਪ੍ਰੇਮ ਭਗਤੀ ਗੁਰੂ ਕੋਲੋਂ ਬਖਸ਼ਸ਼ ਲਿਆ ਕੇ ਸਰਬਤ ਨਾਲ ਸਾਂਝ ਪੁਆਂਦੀ ਹੈ।
7) ਸਾਨੂੰ ਸਭ ਆਪਣੇ ਲਗਦੇ ਹਨ, ਕੋਈ ਵੈਰੀ ਨਹੀਂ ਲਗਦਾ।
8) ਅਸੀਂ ਅਹੰਕਾਰ ਤੋਂ ਡਰਦੇ ਹਾਂ, ਨਿਮਰਤਾ ਵਿੱਚ ਜੀਂਵਦੇ ਹਾਂ।
9) ਸਾਡੀ ਬੋਲੀ ਮਿੱਠੀ, ਸਾਡਾ ਵਿਵਹਾਰ ਸੁੱਚਾ, ਤੇ ਸਾਡਾ ਕਰੈਕਟਰ ਸੁੱਚਾ ਹੋ ਜਾਂਦਾ ਹੈ।
10) ਜਾਗਤ ਜੋਤ ਦਿਨ ਰਾਤ ਜਗਦੀ ਹੈ ਸਾਡੇ ਅੰਦਰ।

ਫਿਰ ਅਸੀਂ ਭਿਆਨਕ ਜੰਗਲ ਵਿੱਚ ਨਹੀਂ ਸਗੋਂ ਗੁਰੂ ਦੇ ਚਰਨਾਂ ਦੇ ਆਸ਼ਰਮ 'ਬੇਗਮਪੁਰੇ' ਵਿੱਚ ਜੀਂਦੇ ਹਾਂ।


**A family is**
where character is formed, values are learned,
ethics are created & Society is preserved.

**A family is**
where all members contribute & share,
cooperate & work, & accept their responsibilities
towards the good of group.

**A family is**
where each can find solace and comfort in grief,
pleasure & laughter in joy
& kindness & encouragement in daily living.

**A family that prays together stays together.**

With best compliments from a wellwisher

# ਸਿੱਖ ਪੰਥ ਦਾ ਅਦੁੱਤੀ ਕੀਰਤਨੀਆ : ਭਾਈ ਕਿਸ਼ਨ ਸਿੰਘ ਜੀ 'ਪ੍ਰਵਾਨਾ'


## ਦਿਆਲ ਸਿੰਘ

ਗੁਰਮਤਿ ਵਿਦਿਆਲਾ, ਗੁਰਦੁਆਰਾ ਰਕਾਬਗੰਜ, ਨਵੀਂ ਦਿੱਲੀ


ਯੂ ਪੀ ਪ੍ਰਾਂਤ ਦੇ ਜ਼ਿਲ੍ਹਾ ਮੁਜ਼ੱਫਰ ਨਗਰ ਤੋਂ ਪੰਜ ਮੀਲ ਪੂਰਵ ਵੱਲ ਇਕ ਪਿੰਡ ਹੈ ਮੁਖੀਆਲੀ। ਇੱਥੋਂ ਦੇ ਨਿਵਾਸੀ ਗਿ. ਜਗਜੀਤ ਸਿੰਘ ਜੀ ਸਿੱਖ ਧਰਮ ਦੇ ਮਹਾਨ ਪ੍ਰਚਾਰਕ ਹੋਏ ਹਨ, ਆਪ ਨੇ 'ਖਾਲਸਾ ਪ੍ਰਚਾਰਕ ਵਿਦਿਆਲਾ' ਤਰਨ ਤਾਰਨ ਤੋਂ ਗੁਰਮਤਿ ਦੀ ਸਿੱਖਿਆ ਪ੍ਰਾਪਤ ਕਰਕੇ ਲਗਭਗ ਤੀਹ ਸਾਲ ਜ਼ਿਲ੍ਹਾ ਮੇਰਠ, ਮੁਜ਼ੱਫਰਨਗਰ, ਸਹਾਰਨਪੁਰ, ਬਿਜਨੌਰ ਤੇ ਮੁਰਾਦਾਬਾਦ ਦੇ ਪਿੰਡਾਂ ਵਿੱਚ ਸਿੱਖ ਧਰਮ ਦਾ ਪ੍ਰਚਾਰ ਕੀਤਾ ਅਤੇ ਸੈਂਕੜੇ ਪ੍ਰਾਣੀਆਂ ਨੂੰ ਅੰਮ੍ਰਿਤਪਾਨ ਕਰਵਾ ਕੇ ਗੁਰੂ ਵਾਲੇ ਬਣਾਇਆ। ਸਿੱਖੀ ਪ੍ਰਚਾਰ ਲਈ ਅਥਾਹ ਲਗਨ ਤੇ ਉਤਸ਼ਾਹ ਹੋਣ ਕਰਕੇ ਹੀ ਉਨ੍ਹਾਂ ਆਪਣੇ ਸਪੁੱਤਰ ਭਾਈ ਕਿਸ਼ਨ ਸਿੰਘ ਨੂੰ ਸੰਨ 1930 ਵਿੱਚ 'ਗੁਰਮਤਿ ਵਿਦਿਆਲਾ' ਗੁ: ਰਕਾਬ ਗੰਜ, ਦਿੱਲੀ ਵਿਖੇ ਗੁਰਮਤਿ ਤੇ ਕੀਰਤਨ ਸਿੱਖਣ ਲਈ ਦਾਖਲ ਕਰਾਇਆ। ਭਾਈ ਕਿਸ਼ਨ ਸਿੰਘ ਬਚਪਨ ਤੋਂ ਹੀ ਚੰਗੇ ਹੁਸ਼ਿਆਰ ਤੇ ਲੋਕ ਗੀਤ ਗਾਉਣ ਦਾ ਸ਼ੌਕ ਰੱਖਦੇ ਸਨ। ਸੋ, ਆਪ ਇੱਕ ਸਾਲ ਵਿੱਚ ਚੰਗਾ ਕੀਰਤਨ ਕਰਨ ਲੱਗ ਪਏ। ਇੰਜ 1936 ਤੱਕ ਸਿੱਖਿਆ ਪ੍ਰਾਪਤੀ ਦੇ ਨਾਲ 'ਗੁਰੂ ਨਾਨਕ ਵਿਦਿਆ ਭੰਡਾਰ ਟ੍ਰਸਟ, ਦਿੱਲੀ' ਵਲੋਂ ਕੀਤੇ ਜਾ ਰਹੇ ਸਿੱਖ ਧਰਮ ਦੇ ਪ੍ਰਚਾਰ ਲਈ ਸਮੇਂ-ਸਮੇਂ ਪ੍ਰਚਾਰ ਦੌਰਿਆਂ 'ਤੇ ਜਾਣ ਕਰਕੇ ਆਪ ਜੀ ਨੂੰ ਕੀਰਤਨ ਤੇ ਵਖਿਆਨ ਕਰਨ ਦਾ ਚੰਗਾ ਅਨੁਭਵ ਹੋ ਗਿਆ ਸੀ। ਗੁਰਮਤਿ ਵਿਦਿਆਲਾ ਦੇ ਇੰਚਾਰਜ ਗਿਆਨੀ ਹਰਦਿੱਤ ਸਿੰਘ ਜੀ ਗੁਰਮਤਿ ਸੰਗੀਤ ਦੇ ਉਸਤਾਦ ਵੀ ਸਨ ਅਤੇ ਇਕ ਅਨੁਭਵੀ ਪ੍ਰਚਾਰਕ ਵੀ। ਸੋ, ਆਪ ਜੀ ਨੇ ਪੰਜਾਬ ਦੇ ਢਾਡੀ ਸਿੰਘਾਂ ਵਾਂਗ ਯੂ ਪੀ ਵਿਖੇ ਸਿੱਖ ਧਰਮ ਦਾ ਪ੍ਰਚਾਰ ਕਰਨ ਲਈ ਆਪਣੇ ਸ਼ਾਗਿਰਦਾਂ ਨੂੰ ਹਿੰਦੀ ਭਾਸ਼ਾ ਦੇ ਭਿੰਨ-ਭਿੰਨ ਰੂਪਾਂ ਦੀ ਛੰਦ-ਬੰਦੀ ਵਿੱਚ ਇਤਿਹਾਸਕ ਪ੍ਰਸੰਗ ਤਿਆਰ ਕਰਕੇ ਹਰਿਆਣਵੀ ਤਰਜ਼ਾਂ (ਟਿਯੂਨਾਂ ਵਿੱਚ ਸਿਖਾਉਣੇ ਆਰੰਭ ਕੀਤੇ। ਇਸ ਕੰਮ ਲਈ ਜਿਹੜੇ ਰਾਗੀ ਜੱਥੇ ਤਿਆਰ ਕੀਤੇ ਗਏ ਉਨ੍ਹਾਂ ਵਿਚੋਂ ਭਾਈ ਕਿਸ਼ਨ ਸਿੰਘ ਦਾ ਜੱਥਾ ਸਿੱਖ ਪੰਥ ਵਿੱਚ, ਖਾਸ ਤੌਰ ਤੇ ਯੂ. ਪੀ. ਵਿੱਚ ਸਭ ਤੋਂ ਵੱਧ ਪ੍ਰਸਿੱਧ ਹੋਇਆ।

1937 ਵਿੱਚ ਆਪ ਜੀ ਦੇ ਰਾਗੀ ਜੱਥੇ ਨੂੰ ਗੁਰਮਤਿ ਵਿਦਿਆਲੇ ਵਲੋਂ 'ਗੁਰੂ ਨਾਨਕ ਧਰਮ ਪ੍ਰਚਾਰਕ ਦੀਵਾਨ' ਪੂਰਵੀ ਅਵਧ ਗੋਰਖਪੁਰ ਵਿਖੇ ਪ੍ਰਚਾਰ ਕਰਨ ਲਈ ਭੇਜਿਆ। ਉੱਥੇ ਜਾ ਕੇ ਆਪ ਜੀ ਨੇ ਗਿਆਨੀ ਅਜਮੇਰ ਸਿੰਘ ਜੀ (ਸਕੱਤਰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ) ਦੇ ਸਹਿਯੋਗ ਨਾਲ ਦੋ ਸਾਲ ਤੱਕ ਗੁਰਮਤਿ ਦਾ ਪ੍ਰਚਾਰ ਕੀਤਾ ਅਤੇ ਇਕ ਸਾਲ ਸ੍ਰ. ਸਾਹਿਬ ਸ੍ਰ. ਅਰਜਨ ਸਿੰਘ ਜੀ ਪਾਸ ਟਾਟਾ ਨਗਰ ਵਿਖੇ ਕੀਰਤਨ ਸੇਵਾ ਕੀਤੀ।

ਸੰਨ 1941 ਵਿੱਚ ਮੇਰਠ, ਮੁਜ਼ੱਫਰਨਗਰ, ਸਹਾਰਨਪੁਰ, ਬਿਜਨੌਰ, ਮੁਰਾਦਾਬਾਦ ਦੇ ਕਸਬਾ 'ਗਜਰੌਲਾ' ਵਿਖੇ ਪ੍ਰਸਿੱਧ ਜੱਟ ਸਿੱਖ ਚੌਧਰੀ ਸਹਿਬਾਨ ਵਲੋਂ ਬੜੀ ਭਾਰੀ ਕਾਨਫਰੰਸ ਹੋਈ, ਜਿਸ ਵਿੱਚ ਗਿਆਨੀ ਹਰਦਿੱਤ ਸਿੰਘ, ਗਿ. ਬਾਦਲ ਸਿੰਘ, ਗਿ. ਸਾਧੂ ਸਿੰਘ ਜੀ ਤੋਂ ਇਲਾਵਾ ਸ੍ਰ. ਈਸ਼ਰ ਸਿੰਘ ਜੀ ਮਝੈਲ ਜਥੇਦਾਰ ਊਧਮ ਸਿੰਘ ਜੀ ਨਾਗੋਕੇ ਪ੍ਰਿੰ. ਗੰਗਾ ਸਿੰਘ ਅਤੇ ਹੋਰ ਕਈ ਅਕਾਲੀ ਲੀਡਰ ਇਸ ਵਿੱਚ ਸ਼ਾਮਲ ਹੋਏ। ਇਲਾਕੇ ਦੇ ਚੌਧਰੀਆਂ ਤੇ ਲੀਡਰਾਂ ਨੇ ਸਰਬ ਸੰਮਤੀ ਨਾਲ ਇਹ ਮਤਾ ਪਾਸ ਕੀਤਾ ਕਿ ਸੰਨ 41 ਦੀ ਗਣ ਸੰਖਿਆ ਵਿੱਚ ਸਾਰੇ ਜੱਟ ਤੇ ਗੁਰੂ ਨਾਨਕ ਨਾਮ ਲੇਵਾ ਆਪਣੇ ਆਪ ਨੂੰ ਸਿੱਖ ਲਿਖਾਉਣ। ਇਸ ਕਾਨਫਰੰਸ ਵਿੱਚ ਭਾਈ ਕਿਸ਼ਨ ਸਿੰਘ ਜੀ ਦੇ ਰਾਗੀ ਜੱਥੇ ਨੇ ਪ੍ਰਭਾਵਸ਼ਾਲੀ ਕੀਰਤਨ ਕੀਤਾ ਅਤੇ ਹਿੰਦੀ ਕਵਿਤਾ ਵਿੱਚ ਹਰਿਆਣੇ ਦੀਆਂ ਤਰਜ਼ਾਂ ਤੇ ਸਿੱਖ ਇਤਿਹਾਸ ਸੁਣਾ ਕੇ ਸਾਰੇ ਸਰੋਤਿਆਂ ਨੂੰ ਮਨ ਮੁਗਧ ਕਰ ਦਿੱਤਾ। ਆਪ ਜੀ ਦੇ ਕੀਰਤਨ ਤੋਂ ਪ੍ਰਭਾਵਿਤ ਹੋ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧਕਾਂ ਨੇ ਆਪ ਜੀ ਨੂੰ ਸਿੱਖ ਮਿਸ਼ਨ ਦਾ ਪ੍ਰਚਾਰ ਕਰਨ ਲਈ ਸਰਵਿਸ ਵਿੱਚ ਲੈ ਲਿਆ। ਉਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਨੇ ਆਪ ਜੀ ਦੇ ਰਾਗੀ ਜੱਥੇ ਨੂੰ ਅਲੀਗੜ੍ਹ ਕਾਨਫਰੰਸ ਲਈ ਪੇਸ਼ਾਵਰ, ਬੰਨੂ-ਕੋਹਾਟ, ਰਾਵਲ ਪਿੰਡੀ ਆਦਿ ਇਲਾਕਿਆਂ ਵਿੱਚ ਪ੍ਰਚਾਰ ਸੇਵਾ ਲਈ ਭੇਜਿਆ। ਇੰਜ ਅਲੀਗੜ੍ਹ ਕਾਨਫਰੰਸ ਤੋਂ ਬਾਅਦ ਆਪ ਜੀ ਯੂ ਪੀ ਸਿੱਖ ਮਿਸ਼ਨ ਹਾਪੁੜ ਵਲੋਂ ਸਿੱਖ ਧਰਮ ਦਾ ਪ੍ਰਚਾਰ ਕਰਦੇ ਰਹੇ ਅਤੇ ਹਜ਼ਾਰਾਂ ਪ੍ਰਾਣੀਆਂ ਨੂੰ ਅੰਮ੍ਰਿਤ ਛਕਾ ਕੇ ਨਵੇਂ ਸਿੰਘ

ਸਜਾਇਆ।

ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਲਈ ਅਥਾਹ ਲਗਨ, ਪ੍ਰੇਮ-ਸ਼ਰਧਾ ਤੇ ਉਤਸ਼ਾਹ ਦੇਖ ਕੇ ਹੀ ਆਪ ਨੂੰ 'ਸਿੱਖੀ ਦਾ ਪ੍ਰਵਾਨਾ' ਕਹਿਣ ਲੱਗ ਪਏ। ਭਾਈ ਕਿਸ਼ਨ ਸਿੰਘ ਜੀ 'ਪ੍ਰਵਾਨਾ' ਨੇ ਹਿੰਦੀ ਭਾਸ਼ਾ (ਕਵਿਤਾ) ਵਿੱਚ ਸੂਰਵੀਰ ਬਹਾਦਰ ਸਿੰਘਾਂ-ਸਿੰਘਣੀਆਂ ਦੇ ਕਈ ਇਤਿਹਾਸ ਰਚੇ ਅਤੇ ਉਨ੍ਹਾਂ ਨੂੰ ਪਿੰਡੋਂ-ਪਿੰਡ ਜਾ ਕੇ ਸੁਣਾਇਆ। ਯੂ ਪੀ ਪ੍ਰਾਂਤ ਵਿੱਚ ਆਪ ਇਤਨੇ ਪ੍ਰਸਿੱਧ ਹੋਏ ਕਿ ਅਜੇ ਭੀ ਪੇਂਡੂ ਲੋਕ ਆਪ ਦੇ ਨਾਮ ਤੋਂ ਵਾਕਿਫ਼ ਹਨ, ਕੇਵਲ ਵਾਕਿਫ਼ ਹੀ ਨਹੀਂ ਸਗੋਂ ਪਿੰਡਾਂ ਦੇ ਬਜ਼ੁਰਗਾਂ ਨੂੰ ਆਪ ਜੀ ਦੇ ਬਣਾਏ ਭਜਨਾਂ ਦੇ ਬੋਲ ਭੀ ਯਾਦ ਹਨ। ਟੂਕ-ਮਾਤਰ ਕੁਝ ਤੁਕਾਂ ਇੱਥੇ ਪੇਸ਼ ਕਰਦਾ ਹਾਂ:

1. ਟੇਕ - ਯਹ ਹੈ ਸਿੰਘੋਂ ਕੀ ਕੌਮ ਇਨੋਂ ਕਾ ਪੰਥ ਨਿਰਾਲਾ ਹੈ॥੧॥
ਇਨਕਾ ਕੋਈ ਘਰ ਬਾਰ ਨਹੀ ਹੈ, ਦੌਲਤ ਸੇ ਇਨ੍ਹੈ ਪਯਾਰ ਨਹੀ ਹੈ।
ਜੰਗ ਬਿਨਾ ਕੋਈ ਕਾਰ ਨਹੀ ਹੈ, ਮੁਰਸ਼ਿਦ ਇਨਕਾ ਗੁਰੂ ਗੋਬਿੰਦ ਸਿੰਘ ਕਲਗੀ ਵਾਲਾ ਹੈ।
ਸਵਾ ਲਾਖ ਕਹੈਂ ਏਕ ਜਨੇ ਕੋ, ਪਾਂਚ ਲਾਖ ਕਹੈਂ ਪਾਂਚ ਤਨੇ ਕੋ।
ਪੀਲੂ ਦਾਖ, ਬਾਦਾਮ ਚਨੇ ਕੋ, ਔਰ ਕਹੈਂ ਲੰਗੜੇ ਕੋ ਯਹ ਤੋ ਸਿੰਘ ਸੁਚਾਲਾ ਹੈ।

2. ਟੇਕ - ਹਿੰਦੁਸਤਾਨੀ ਪ੍ਰਾਨੀ, ਕੁਰਬਾਨੀ ਕਰਨਾ ਸੀਖਲੋ।
ਕੁਰਬਾਨੀ ਕਰਨਾ ਸੀਖਲੋ, ਧਰਮ ਪਰ ਮਰਨਾ ਸੀਖਲੋ॥੧॥
ਕੀ ਕੁਰਬਾਨੀ ਦੀਪ ਸਿੰਘ ਨੇ ਹਾਥ ਮੇਂ ਤੇਗ ਉਠਾਈ।
ਕਈ ਮੀਲ ਤੱਕ ਬਿਨਾ ਸ਼ੀਸ਼ ਕੇ, ਜਿਸਨੇ ਕਰੀ ਲੜਾਈ।
ਫਿਰ ਗਈ ਭਾਗ ਸਭ ਮੁਗਲ ਫੌਜ ਇਯੂੰ ਦੇਸ਼ ਪੇ ਮਰਨਾ ਸੀਖਲੋ॥੧॥

3. ਟੇਕ - ਗੁਰੂ ਗੋਬਿੰਦ ਸਿੰਘ ਕੇ ਸਿੰਘਾਂ ਕੀ ਹਮਨੇ ਸ਼ਾਨ ਸਵਾਈ ਦੇਖੀ।
ਬਾਂਕੇ ਬੀਰ ਛਬੀਲਾਂ ਕੇ ਗਲ ਮੇਂ ਕਿਰਪਾਨ ਸਜਾਈ ਦੇਖੀ॥੧॥

ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਕਰਨ ਵਿੱਚ ਇਹ ਯੁਕਤੀ ਬਹੁਤ ਕਾਮਯਾਬ ਰਹੀ। ਪਰ 1947 ਵਿੱਚ ਹਿੰਦੁਸਤਾਨ-ਪਾਕਿਸਤਾਨ ਬਣਨ ਨਾਲ ਹਾਲਾਤ ਬਦਲ ਗਏ, ਐਸੀ ਉਥਲ-ਪੁਥਲ, ਮਾਰ-ਕਾਟ ਵਿੱਚ ਪ੍ਰਚਾਰ ਕਿੱਥੇ ਹੋਣਾ ਸੀ। ਸੋ ਆਪ ਜੀ ਭੀ ਸਰਵਿਸ ਛੱਡ ਹਾਪੁੜ ਤੋਂ ਪਿੰਡ ਮੁਖੀਆਲੀ ਆ ਗਏ। ਕੁਝ ਸਮੇਂ ਬਾਅਦ ਸਹਿਜੇ-ਸਹਿਜੇ ਦੇਸ਼ ਵਿੱਚ ਅਮਨ ਚੈਨ ਹੋ ਗਿਆ, ਜਿੱਥੇ ਕਿਸੇ ਨੂੰ ਰੋਜ਼ੀ-ਰੋਟੀ ਤੇ ਬੈਠਣ ਨੂੰ ਥਾਂ ਮਿਲੀ ਟਿਕ ਗਿਆ। ਆਪ ਜੀ ਨੇ ਦੋ ਕੁ ਸਾਲ ਪਿੰਡ ਰਹਿ ਕੇ ਖੇਤੀਬਾੜੀ ਦਾ ਕੰਮ ਕੀਤਾ, ਇੱਕ ਦੋ ਕੰਮ ਹੋਰ ਕੀਤੇ, ਪਰ ਕਿਸੇ ਕੰਮ ਵਿੱਚ ਮਨ ਟਿਕਿਆ ਨਹੀਂ। ਨਾਲੇ ਆਪ ਜੀ ਨੂੰ ਤਾਂ ਗੁਰੂ ਨੇ ਕੀਰਤਨ ਦੀ ਦਾਤ ਬਖਸ਼ਿਸ਼ ਕੀਤੀ ਸੀ, ਇਸ ਲਈ ਹੋਰ ਕੰਮ ਕਿਵੇਂ ਕਰ ਸਕਦੇ ਸਨ। ਸੋ, 1952 ਵਿੱਚ ਨਵੇਂ ਸਿਰੇ ਆਪਣਾ ਰਾਗੀ ਜੱਥਾ ਤਿਆਰ ਕਰ ਕੇ ਭਾਰਤ ਦੇ ਪ੍ਰਸਿੱਧ ਸ਼ਹਿਰਾਂ ਦੀਆਂ ਸਿੱਖ ਸਟੇਜਾਂ ਤੋਂ ਕੀਰਤਨ ਵਖਿਆਨ ਰਾਹੀਂ ਗੁਰਮਤਿ ਪ੍ਰਚਾਰ ਕਰਦੇ ਅਤੇ ਨਾਲ ਸੈਂਕੜੇ ਅਨਮਤੀਆਂ ਨੂੰ ਭੀ ਗੁਰਮਤਿ ਦਾ ਗਿਆਨ ਕਰਾ ਕੇ ਸਿੱਖ ਮਤ ਵਿੱਚ ਲਿਆਉਂਦੇ ਰਹੇ। ਇੰਜ 52 ਤੋਂ 64 ਤੱਕ ਆਪ ਜੀ ਦਾ ਰਾਗੀ ਜੱਥਾ ਸਿੱਖ ਪੰਥ ਵਿੱਚ ਇਤਨਾ ਪ੍ਰਸਿੱਧ ਹੋ ਗਿਆ ਕਿ ਗੁਰਪੁਰਬਾਂ ਲਈ ਦੇਸ਼ ਵਿਦੇਸ਼ ਤੋਂ ਸੱਦੇ ਪੱਤਰ ਆਉਣ ਲਗ ਪਏ। ਭਾਵੇਂ ਆਪ ਜੀ ਨੂੰ ਸ਼੍ਰੋਮਣੀ ਕਮੇਟੀ ਨੇ ਯੂ ਪੀ ਮਿਸ਼ਨ ਹਾਪੁੜ ਤੇ ਅਲੀਗੜ੍ਹ ਦਾ ਇੰਚਾਰਜ਼ ਥਾਪਿਆ ਅਤੇ ਇਕ ਸਾਲ ਇਸ ਸੇਵਾ ਨੂੰ ਬੜੇ ਸੁਚੱਜੇ ਢੰਗ ਨਾਲ ਨਿਭਾਇਆ, ਪਰ ਬਾਰ ਬਾਰ ਦੇਸ਼ ਵਿਦੇਸ਼ ਤੋਂ ਮੰਗ ਆਉਣ ਕਾਰਨ ਇਹ ਸੇਵਾ ਛੱਡ ਕੇ ਵਿਦੇਸ਼ ਜਾਣ ਦੀ ਤਿਆਰ ਕਰ ਲਈ।

ਦਸੰਬਰ 1966 ਵਿੱਚ ਈਰਾਨ ਦੀਆਂ ਸੰਗਤਾਂ ਨੇ ਸ੍ਰੀ ਦਸਮੇਸ਼ ਜੀ ਦੇ ਤਿੰਨ ਸੌ ਸਾਲਾ ਗੁਰਪੁਰਬ ਲਈ ਆਪ ਜੀ ਦੇ ਰਾਗੀ ਜੱਥੇ ਨੂੰ ਸੱਦਿਆ। ਕਾਬੁਲ, ਈਰਾਨ, ਕੁਵੈਤ ਦੀਆਂ ਸਿੱਖ ਸੰਗਤਾਂ ਨੂੰ ਆਪਣੇ ਮਨੋਹਰ ਕੀਰਤਨ-ਵਿਖਿਆਨ ਰਾਹੀਂ ਨਿਹਾਲ ਕੀਤਾ ਅਤੇ ਈਰਾਨ ਵਿੱਚ ਪਹਿਲੀ ਵਾਰ ਅੰਮ੍ਰਿਤ ਪ੍ਰਚਾਰ ਹੋਇਆ, ਜਿਸ ਵਿੱਚ 80 ਤੋਂ ਵੱਧ ਮਾਈ ਭਾਈ ਨੇ ਅੰਮ੍ਰਿਤ ਪਾਨ ਕੀਤਾ। ਉਸ ਤੋਂ ਬਾਅਦ ਆਪ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਲਈ ਲੰਡਨ (ਯੂ ਕੇ) ਚਲੇ ਗਏ ਅਤੇ ਆਪਣੇ ਕੀਰਤਨ ਕਥਾ ਰਾਹੀਂ ਸੰਗਤਾਂ ਨੂੰ ਐਸਾ ਪ੍ਰਭਾਵਿਤ ਕੀਤਾ ਕਿ ਪ੍ਰਬੰਧਕਾਂ ਨੇ ਸਰਬ

ਸੰਮਤੀ ਨਾਲ ਮਤਾ ਪਾਸ ਕਰਕੇ ਦੁਬਾਰਾ ਪੰਜ ਸੌ ਸਾਲਾ ਪੁਰਬ (ਸ੍ਰੀ ਗੁਰੂ ਨਾਨਕ ਦੇਵ ਜੀ) ਲਈ ਉਚੇਚੇ ਤੌਰ ਤੇ ਸੱਦਿਆ। ਇਹ ਉਹ ਸਮਾਂ ਸੀ ਜਦੋਂ ਇੱਕਾ-ਦੁੱਕਾ ਰਾਗੀ ਜਥਾ ਜਾਂ ਪ੍ਰਚਾਰਕ ਹੀ ਵਿਦੇਸ਼ ਪਹੁੰਚਦਾ ਸੀ। ਖੈਰ, ਆਪ ਜੀ ਨੂੰ ਕਾਫੀ ਸਮਾਂ ਲੰਡਨ ਰਹਿਣ ਕਰਕੇ ਐਸਾ ਭਾਇਆ ਕੇ ਮੁੜ ਦੇਸ਼ ਆਉਣ ਦੀ ਇੱਛਾ ਨਾ ਰਹੀ। ਭਾਵ ਲੰਡਨ ਤੋਂ ਹੀ ਜਰਮਨ, ਕਨੇਡਾ, ਅਮਰੀਕਾ ਆਦਿ ਦੇਸ਼ਾਂ ਵਿੱਚ ਕਥਾ ਕੀਰਤਨ ਦੁਆਰਾ ਸੁਤੰਤਰ ਤੌਰ ਤੇ ਸੰਗਤਾਂ ਵਿੱਚ ਗੁਰਮਤਿ ਦਾ ਪ੍ਰਚਾਰ ਕਰਦੇ ਰਹੇ।

ਮਈ-ਜੂਨ ਦੀਆਂ ਸਾਲਾਨਾ ਛੁੱਟੀਆਂ ਬਿਤਾਉਣ ਜਦੋਂ ਵੀ ਦਾਸ ਇੰਗਲੈਂਡ ਗਿਆ, ਆਪ ਜੀ ਨੇ ਇਸ ਗਲ ਦਾ ਜ਼ਿਕਰ ਜ਼ਰੂਰ ਕੀਤਾ ਕਿ ਸਿੱਖ ਪੰਥ ਨੂੰ ਉਨ੍ਹਾਂ ਪੰਜ ਪਿਆਰਿਆਂ ਦੇ ਥਾਂ ਠਿਕਾਣਿਆਂ ਦਾ ਪਤਾ ਕਰਨਾ ਚਾਹੀਦਾ ਹੈ, ਜਿਹੜੇ ਸ੍ਰੀ ਦਸਮੇਸ਼ ਜੀ ਦੀ ਵੰਗਾਰ ਸੁਣ ਖ਼ੂਨ ਭਿੱਜੀ ਤੇਗ ਹੇਠਾਂ ਆਪਣਾ ਸੀਸ ਭੇਟ ਕਰਨ ਲਈ ਤਿਆਰ ਹੋ ਗਏ। ਫਿਰ ਦਾਸ ਨੂੰ ਸੰਬੋਧਨ ਕਰਕੇ ਕਹਿਣਾ ਕਿ 'ਹਸਤਨਾਪੁਰ' ਤਾਂ ਆਪਣੇ ਹੀ ਇਲਾਕੇ ਵਿੱਚ ਹੈ, ਉਸ ਦੇ ਆਸ ਪਾਸ ਦੋ ਤਿੰਨ ਪਿੰਡ ਐਸੇ ਹਨ, ਜਿਨ੍ਹਾਂ ਵਿੱਚ ਭਾਈ ਧਰਮ ਸਿੰਘ ਜੀ ਦਾ ਖਾਨਦਾਨ (ਪ੍ਰਵਾਰ) ਵਸਦਾ ਹੈ। ਅਗਲੇ ਸਾਲ ਇੰਡੀਆ ਆ ਕੇ ਮੈਂ ਉਸ ਅਸਥਾਨ ਦੀ ਖੋਜ ਜ਼ਰੂਰ ਕਰਨੀ ਹੈ ਜਿੱਥੇ ਭਾਈ ਧਰਮ ਸਿੰਘ ਜੀ ਦਾ ਜਨਮ ਹੋਇਆ ਸੀ। ਨਵੰਬਰ 1997 ਵਿੱਚ ਆਪ ਇੰਗਲੈਂਡ ਤੋਂ ਦਿੱਲੀ ਅਤੇ ਦਿੱਲੀ ਤੋਂ ਆਪਣੇ ਪਿੰਡ ਮੁਖੀਆਲੀ ਪਹੁੰਚ ਕੇ ਨਿਵੇਂ ਸਿਰੋਂ ਖੋਜ ਆਰੰਭ ਕੀਤੀ। ਜਿਹੜੀ ਖੋਜ (ਰਿਪੋਟ) ਤਿਆਰ ਕਰਕੇ ਆਪ ਜੀ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਪ੍ਰਧਾਨ ਸ੍ਰ. ਗੁਰਚਰਨ ਸਿੰਘ ਟੌਹੜਾ ਨੂੰ ਭੇਜੀ ਗਈ, ਉਸ ਦਾ ਸਾਰ ਅੰਸ਼ ਹੇਠਾਂ ਦਿੱਤਾ ਜਾਂਦਾ ਹੈ:-

ਸੰਨ 1967 ਵਿੱਚ ਦਾਸ ਇੰਡੀਆ ਤੋਂ ਇੰਗਲੈਂਡ (ਯੂ ਕੇ) ਚਲਾ ਗਿਆ ਅਤੇ ਪ੍ਰਵਾਰ ਸਹਿਤ ਉੱਥੇ ਹੀ ਰਹਿੰਦਾ ਹਾਂ। ਪਰ ਖਾਲਸਾ ਪੰਥ ਵਲੋਂ ਤਿੰਨ ਸੌ ਸਾਲਾ ਸ਼ਤਾਬਦੀ ਨੂੰ ਚੜ੍ਹਦੀ ਕਲਾ ਵਿੱਚ ਮਨਾਏ ਜਾਣ ਦੀ ਖ਼ਬਰ ਸੁਣ ਕੇ ਮੈਨੂੰ ਆਪਣੀ ਪੁਰਾਣੀ ਕੀਤੀ ਖੋਜ ਤਾਜ਼ਾ ਹੋ ਆਈ ਅਤੇ ਮਨ ਨੇ ਹੁਲਾਰਾ ਮਾਰਿਆ ਕਿ 'ਪ੍ਰਵਾਨਿਆਂ' ਘੱਟੋ ਘੱਟ ਤੂੰ ਭਾਈ ਧਰਮ ਸਿੰਘ ਜੀ ਪਿਆਰੇ ਦਾ ਪਿੰਡ ਤੇ ਪ੍ਰਵਾਰ ਸਬੰਧੀ ਖੋਜ ਕਰ ਕੇ ਸਿੱਖ ਪੰਥ ਨੂੰ ਦੱਸ ਕੇ ਉਸ ਮਹਾਨ ਸੂਰਬੀਰ ਯੋਧਾ ਕਿਸ ਪਿੰਡ ਦਾ ਰਹਿਣ ਵਾਲਾ ਸੀ ਤਾਂ ਜੋ ਗੁਰੂ ਕੇ ਪ੍ਰੇਮੀ ਸਿੱਖ ਉਸ ਦੀ ਕੋਈ ਯਾਦ ਕਾਇਮ ਕਰ ਸਕਣ। ਸੋ ਉਸੇ ਖਿਆਲ ਨੂੰ ਮੁੱਖ ਰੱਖ ਕੇ ਦਾਸ ਨਵੰਬਰ 1997 ਵਿੱਚ ਮੁੜ ਦਿੱਲੀ ਆਇਆ ਅਤੇ ਦਿੱਲੀ ਤੋਂ ਆਪਣੇ ਪਿੰਡ ਮੁਖੀਆਲੀ ਪਹੁੰਚ ਕੇ ਨਵੇਂ ਸਿਰੋਂ ਖੋਜ ਆਰੰਭ ਕੀਤੀ।

ਭਾਈ ਸਾਹਿਬ ਭਾਈ ਧਰਮ ਸਿੰਘ ਜੀ ਨੂੰ ਇਤਿਹਾਸਕਾਰਾਂ ਨੇ 'ਹਸਤਨਾਪੁਰ' ਦਾ ਜੱਟ ਲਿਖਿਆ ਹੈ। ਪਰ, ਹਸਤਨਾਪੁਰ ਵਿੱਚ ਕੋਈ ਜੱਟ ਪ੍ਰਵਾਰ ਨਹੀਂ ਰਹਿੰਦਾ, ਉਸ ਦੇ ਨੇੜੇ ਇਕ ਸੈਫਪੁਰ ਨਗਲਾ ਪ੍ਰਸਿੱਧ ਪਿੰਡ ਹੈ। ਪਰ ਉਸ ਵਿੱਚ ਭੀ ਜੱਟਾਂ ਦਾ ਕੋਈ ਘਰ ਨਹੀਂ। ਹਾਂ, ਜਿਸ ਪਿੰਡ ਦਾ ਨਾਮ ਸੈਫਪੁਰ ਕਰਮਚੰਦ ਹੈ, ਉਸ ਵਿੱਚ ਇਕ ਘਰ ਜੱਟਾਂ ਦਾ ਹੈ। ਜੋ ਆਪਣੇ ਆਪ ਨੂੰ ਭਾਈ ਧਰਮ ਸਿੰਘ ਜੀ ਦਾ ਪਰਿਵਾਰ ਸਰੀਕਾ ਮੰਨਦੇ ਹਨ। ਇੱਥੇ ਕੇਵਲ ਇੱਕੋ ਘਰ ਜੱਟਾਂ ਦਾ ਕਿਵੇਂ ਰਹਿ ਗਿਆ, ਇਸ ਦਾ ਕਾਰਨ ਇਹੋ ਹੈ ਕਿ ਮੁਗਲ ਹਕੂਮਤ ਨਾਲ ਸਿੱਧੀ ਟੱਕਰ ਲੈਣ ਵਾਲੇ ਦਸਮ ਪਾਤਸ਼ਾਹ ਤੇ ਉਨ੍ਹਾਂ ਦੇ ਖਾਸ ਸਿਦਕੀ ਸਿੰਘਾਂ ਵਿਚੋਂ ਭਾਈ ਧਰਮ ਸਿੰਘ ਦਾ ਪਰਿਵਾਰ ਕਿਵੇਂ ਇਕ ਥਾਂ ਟਿਕਿਆ ਰਹਿ ਸਕਦਾ ਸੀ। ਸੋ ਇਸ ਪਰਿਵਾਰ ਦੇ ਬੰਦੇ ਆਪਣਾ ਪਿੰਡ ਛੱਡ ਕੋਈ ਬੈਸੂਮਾਂ ਅਤੇ ਕੋਈ ਲਿਲੋਹਾ ਪਿੰਡ ਚਲਾ ਗਿਆ। ਇਹ ਦੋਵੇਂ ਪਿੰਡ ਭੀ ਹਸਤਨਾਪੁਰ ਦੇ ਨੇੜੇ ਅਤੇ ਤਹਿਸੀਲ ਮੁਆਨਾ ਤੋਂ ਕੁਝ ਮੀਲ ਦੂਰ ਹਨ। ਪਿੰਡ ਬੈਸੁਮਾਂ ਜਿਸ ਵਿਚ ਭਾਈ ਸਾਹਿਬ ਦੇ ਸਰੀਕੇ ਰਹਿੰਦੇ ਸਨ, ਉਸ ਨੂੰ ਪਿੰਡ ਦੇ ਬੰਦੇ ਅਜੇ ਵੀ ਗ੍ਰੰਥੀ ਹਵੇਲੀ ਆਖਦੇ ਨੇ ਅਤੇ ਪਿੰਡ ਲਿਲੋਹਾ ਵਿਖੇ ਉਸ ਮੁਹੱਲੇ ਦਾ ਨਾਮ ਹੀ 'ਸਿੱਖਾਂ ਦੀ ਪੱਟੀ ਹੈ', ਜਿੱਥੇ ਕੁਝ ਘਰ ਅਜੇ ਭੀ ਜੱਟਾਂ ਦੇ ਹਨ। ਪਰ ਇਹ ਸਭ ਪਿੰਡ ਸੈਫਪੁਰ ਤੋਂ ਆ ਕੇ ਹੀ ਵਸੇ ਹਨ, ਅਸਲ ਥਾਂ ਸੈਫਪੁਰ ਕਰਮਚੰਦ ਹੀ ਹੈ।

ਉੱਤੇ ਲਿਖੀ ਰਿਪੋਰਟ ਨੂੰ ਪੜ੍ਹ ਕੇ 'ਟੌਹੜਾ ਸਾਹਿਬ' ਨੇ ਗਿਆਨੀ ਹਰਿੰਦਰ ਸਿੰਘ ਜੀ ਐਮ ਐਲ ਸੀ (ਬਾਜਪੁਰ ਨੂੰ ਚਿੱਠੀ ਲਿਖੀ ਕਿ ਆਪ ਜੀ ਇਸ ਦੀ ਖੋਜ ਪੜਤਾਲ ਕਰਾਓ ਅਤੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਪੂਰਨ ਸਿੰਘ ਜੀ ਨੂੰ ਉਚੇਚੇ ਤੌਰ ਤੇ ਘਲਿਆ। ਇਸ ਤੋਂ ਇਲਾਵਾ ਹੋਰ ਵੀ ਕਈ ਖੋਜੀ ਸੱਜਣ ਉੱਥੇ ਗਏ ਅਤੇ ਪੂਰਨ ਤਸੱਲੀ ਕਰਨ ਤੋਂ ਬਾਅਦ ਸੰਤ ਬਾਬਾ ਹਰਬੰਸ ਸਿੰਘ ਜੀ (ਕਾਰ ਸੇਵਾ) ਦਿੱਲੀ ਤੋਂ ਗਏ ਅਤੇ ਉਨ੍ਹਾਂ ਸੰਨ 2000 ਵਿੱਚ ਉਸ ਅਸਥਾਨ ਤੇ ਸੇਵਾ ਆਰੰਭ ਦਿੱਤੀ ਜਿੱਥੇ ਭਾਈ ਸਾਹਿਬ ਦਾ ਜੰਮ ਪਲ ਹੋਇਆ।

13 ਅਪ੍ਰੈਲ 2000 ਤੋਂ ਬਾਅਦ ਪ੍ਰਵਾਨਾ ਜੀ ਨੂੰ ਜਦੋਂ ਪਤਾ ਚਲਿਆ ਤਾਂ ਆਪ ਮਸਤੀ ਵਿੱਚ ਝੂਮ ਉਠੇ ਅਤੇ ਕਿਹਾ ਕਿ ਅੱਜ ਮੇਰੀ ਮਨੋ ਕਾਮਨਾ ਪੂਰੀ ਹੋ ਗਈ, ਦਸਮ ਪਿਤਾ ਨੇ ਮੇਰਾ ਸੁਪਨਾ ਸਾਕਾਰ ਕਰ ਵਿਖਾਇਆ। ਹੁਣ ਮੈਂ ਭੀ ਉੱਥੇ ਜਾ ਕੇ ਸੇਵਾ ਕਰਾਂਗਾ। ਸਬੱਬ ਨਾਲ ਸੰਤ ਬਾਬਾ ਅਮਰ ਸਿੰਘ ਜੀ (ਨਾਨਕ ਸਰ ਠਾਠ) ਵਾਲਿਆਂ ਨੇ ਆਪ ਜੀ ਨੂੰ 'ਸਰਬ ਧਰਮ ਸੰਮੇਲਨ' ਲਈ ਦਿੱਲੀ ਭੇਜਿਆ। ਪੰਜ ਸੱਤ ਦਿਨ ਬਾਅਦ ਆਪ ਜੀ ਨੂੰ ਥੋੜੀ ਤਕਲੀਫ ਹੋਈ ਅਤੇ 25 ਜੂਨ ਦਿਨ ਐਤਵਾਰ ਸਵੇਰੇ ਸਿਮਰਨ ਕਰਦੇ ਕਰਦੇ ਗੁਰੂ ਚਰਨਾ ਵਿੱਚ ਜਾ ਬਿਰਾਜੇ ਇਹ ਖ਼ਬਰ ਸੁਣਦਿਆਂ ਸਾਰ ਲੰਡਨ ਤੋਂ ਸਾਰਾ ਪਰਿਵਾਰ ਦਿੱਲੀ ਨੂੰ ਰਵਾਨਾ ਹੋ ਗਿਆ ਅਤੇ ਬਾਬਾ ਜੀ ਭੀ ਹਾਂਗਕਾਂਗ ਤੋਂ ਦਿੱਲੀ ਪਹੁੰਚ ਗਏ। ਬਾਬਾ ਜੀ ਨੇ ਆਪਣੀ ਦੇਖ ਰੇਖ ਵਿੱਚ ਸ੍ਰੀ ਆਖੰਡ ਪਾਠ ਕਰਵਾਏ, ਉਪਰੰਤ ਦੀਵਾਨ ਸਜਾਏ ਗਏ, ਬਾਬਾ ਜੀ ਨੇ ਆਪ ਜੀ ਨੂੰ ਸਿੱਖ ਪੰਥ ਦਾ ਇੱਕ ਮਹਾਨ ਕੀਰਤਨੀਆ ਕਥਾਕਾਰ ਤੇ ਅਣਥੱਕ ਪ੍ਰਚਾਰਕ ਦੱਸਦਿਆਂ ਬਹੁਤ ਪ੍ਰਸ਼ੰਸਾ ਕੀਤੀ। ਇਸੇ ਤਰ੍ਹਾਂ ਇੰਗਲੈਂਡ ਵਿਖੇ ਪੰਥ ਪ੍ਰਸਿੱਧ ਆਗੂ ਡਾ. ਜਗਜੀਤ ਸਿੰਘ ਜੀ ਚੌਹਾਨ ਨੇ ਪ੍ਰਵਾਨਾ ਜੀ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਆਖਿਆ 'ਪ੍ਰਵਾਨਾ ਜੀ ਨੇ ਬਹੁਤ ਸਮਾਂ ਯੂ ਪੀ ਵਿੱਚ ਸਿੱਖੀ ਦਾ ਪ੍ਰਚਾਰ ਕੀਤਾ ਅਤੇ ਫਿਰ ਇੰਗਲੈਂਡ ਆ ਕੇ 'ਪੰਥ ਅਜ਼ਾਦ ਦੇਸ਼' ਦੀ ਕਾਇਮੀ ਲਈ ਡੱਟ ਕੇ ਸਾਡੀਆਂ ਪੰਥਕ ਕਾਨਫਰੰਸਾਂ ਕਰਾਉਣ ਵਿੱਚ ਮਦਦ ਕੀਤੀ। ਇਸ ਤੋਂ ਇਲਾਵਾ ਸਾਰੇ ਸੰਸਾਰ ਵਿੱਚ ਘੁੰਮ ਕੇ 60 ਸਾਲ ਤੱਕ ਪੰਥ ਖਾਲਸੇ ਦੀ ਸੇਵਾ ਕਰਦੇ ਰਹੇ। ਉਹ ਆਪਣੀ ਮਿਸਾਲ ਆਪ ਸਨ, ਹਮੇਸ਼ਾਂ ਉਹ ਸਾਡੇ ਨਾਲ ਰਹੇ ਅਤੇ ਆਖਰੀ ਸਮੇਂ ਤੱਕ ਪੰਥ ਦੀ ਬੇਹਿਤਰੀ ਲਈ ਕੰਮ ਕਰਦੇ ਹੋਏ ਹੀ ਗੁਰੂ ਮਹਾਰਾਜ ਦੇ ਚਰਨਾਂ ਵਿੱਚ ਜਾ ਬਿਰਾਜੇ'

ਸਿੱਖ ਪੰਥ ਦਾ ਇਹ ਮਹਾਨ ਪ੍ਰਚਾਰਕ, ਅਦੁੱਤੀ ਕੀਰਤਨੀਆ, ਕਵੀ ਤੇ ਕਥਾਕਾਰ, ਅੱਸੀ ਸਾਲ ਦੀ ਵਡੇਰੀ ਆਯੂ ਤੱਕ ਭੀ ਹਰ ਸਮੇਂ ਧਰਮ ਪ੍ਰਚਾਰ ਲਈ ਤਿਆਰ ਰਹਿਣ ਵਾਲਾ 'ਪ੍ਰਵਾਨਾ' ਇਸ ਦੁਨੀਆਂ ਫ਼ਾਨੀ ਤੋਂ ਵਿਦਾ ਹੋ ਗਿਆ। ਆਪ ਜੀ ਵਲੋਂ ਕੀਤੀ ਗਈ ਪੰਥਕ ਸੇਵਾ ਹਮੇਸ਼ਾਂ ਪੰਥ ਹਿਤੈਸ਼ੀਆਂ ਨੂੰ ਪ੍ਰੇਰਨਾ ਦਿੰਦੀ ਰਹੇਗੀ ਐਸਾ ਮੈਨੂੰ ਯਕੀਨ ਹੈ।




# ਸਤਿਨਾਮ ਤੇਰਾ ਪਰਾ ਪੂਰਬਲਾ


## ਸੋਹਣ ਸਿੰਘ

3027, ਸੈਕਟਰ 27-ਡੀ, ਚੰਡੀਗੜ੍ਹ


ਸਾਡੀ ਸਭਿਅਤਾ ਦੇ ਅਨੁਸਾਰ ਕਲਿਯੁਗ ਸਮੇਂ ਦੇ ਪੂਰਬਲੇ ਜੁਗ ਦੁਆਪਰ, ਤਰੇਤਾ ਤੇ ਸਤਿਜੁਗ ਹੀ ਮੰਨੇ ਜਾ ਸਕਦੇ ਹਨ। ਇਹਨਾਂ ਜੁਗਾਂ ਵਿਚ ਸਤਿਨਾਮ ਹੀ ਗੁਰਬਾਣੀ ਅਨੁਸਾਰ ਪ੍ਰਾਣੀ ਦੇ ਉਧਾਰ ਲਈ ਉਤਮ ਗਿਣਿਆ ਗਿਆ ਹੈ। ਭਾਰਤ ਦੀ ਸਨਾਤਨ ਸਭਿਅਤਾ ਅਨੁਸਾਰ ॐ (ਓਮ) ਅੱਖਰ ਰਾਹੀਂ ਸਤਿਯੁਗ ਤੋਂ ਹੀ ਉਸ ਪਰਮ ਸ਼ਕਤੀ ਦੀ ਅਰਾਧਨਾ ਹੁੰਦੀ ਆ ਰਹੀ ਹੈ। ਇਸ ਪਵਿੱਤਰ ਅੱਖਰ ਦੀ ਪ੍ਰਧਾਨਤਾ ਵੀ ਹਰ ਜੁਗ ਵਿਚ ਕਾਇਮ ਰਹੀ ਹੈ। ਸਨਾਤਨ ਹਿੰਦੂ ਧਰਮ ਦੇ ਜਿਨੇ ਵੀ ਸ਼ੁਭ ਮੰਤਰ ਗਿਣੇ ਜਾਂਦੇ ਹਨ ਜਾਂ ਪ੍ਰਾਰਥਨਾ ਹੁੰਦੀਆਂ ਹਨ ਉਸ ਓਮ ਸ਼ਬਦ ਤੋਂ ਹੀ ਅਰੰਭ ਹੁੰਦੀਆਂ ਹਨ। ਜਿਸ ਤਰ੍ਹਾਂ ਓਮ ਭੂਰਭਵਯ... ਪਰਚੋਦਿਯਾਤ ਜਾਂ ਓਮ ਨਮੋ ਸ਼ਿਵਾ ਜਾਂ ਓਮ ਜੈ ਜਗਦੀਸ਼ ਹਰੇ... ਆਦਿ ਇਸੀ ਤਰ੍ਹਾਂ ਜੈਨ ਮੱਤ, ਬੁਧ ਮੱਤ ਵਿਚ ਵੀ ਉਨ੍ਹਾਂ ਦੇ ਬਾਨੀਆਂ ਨੇ ਓਮ ਅੱਖਰ ਦੁਆਰਾ ਪ੍ਰਮਾਤਮਾ ਦੀ ਪ੍ਰਾਪਤੀ ਦਾ ਰਸਤਾ ਦਰਸਾਇਆ ਹੈ ਚਾਹੇ ਰਹਿਣ ਸਹਿਣ ਦੇ ਕਈ ਰਵਾਜਾਂ ਵਿਚ ਤਬਦੀਲੀ ਲਿਆਂਦੀ ਹੈ।

ਜੈਨ ਮੱਤ ਦੀ ਵੀਰ ਸਤੁਤੀ ਜੈ ਮਹਾਂਵੀਰ ਪ੍ਰਭੂ। ...ਓਮ ਜੈ ਕੁਨਡਲਪੁਰ ਮੇਂ ਜਨਮੇ ...ਓਮ ਜੈ ਦੀਨਾਨਾਥ ਦਯਾਨਿਧੀ, ... ਓਮ ਜੈ ਅਰਜਨ ਮਾਲੀ ਗੌਤਮ, ...ਚਰਨ ਬਲਹਾਰੀ। ਓਮ ਜੈ॥

**ਬੁੱਧ ਮੱਤ:** ਗਿਆਨੀ ਸੰਤ ਸਿੰਘ ਮਸਕੀਨ (ਜੋ ਸਿੱਖ ਜਗਤ ਦੇ ਪ੍ਰਸਿੱਧ ਕਥਾ ਵਾਚਕ ਹਨ) ਦੀ ਖੋਜ ਅਨੁਸਾਰ ਬੁਧ ਮੱਤ ਵਿੱਚ ਵੀ 'ਓਮ' ਸ਼ਬਦ ਨੂੰ ਮੁਢਲੀ ਮਹਾਨਤਾ ਦਿੱਤੀ ਜਾਂਦੀ ਹੈ।

ਭਾਰਤ ਵਿੱਚ ਇਸਲਾਮ ਹਕੂਮਤ ਸਮੇਂ ਹਿੰਦੂ ਜਨਤਾ ਤੇ ਮਜਹਬੀ ਜੁਲਮ ਢਾਹੇ ਜਾਂਦੇ ਸਨ ਤਾਂ ਇਸ ਕਾਲੇ ਸਮੇਂ ਵਿਚ ਜਨਤਾ ਦੀ ਪੁਕਾਰ ਸੁਣ, ਪਰਮ ਸ਼ਕਤੀ ਪ੍ਰਮਾਤਮਾ ਨੇ ਗੁਰੂ ਨਾਨਕ ਸਾਹਿਬ ਨੂੰ ਇਸ ਮਾਤਲੋਕ 'ਚ ਭੇਜਿਆ ਜਿਨ੍ਹਾਂ ਨੇ ਜਨਮ ਤੋਂ ਹੀ ਇਸ ਲੁਕਾਈ ਨੂੰ ਸੁੱਚੀ ਸੇਧ ਦੇਣੀ ਆਰੰਭ ਕੀਤੀ, ਤੇ ਸਚਾਈ ਦੇ ਪਰਮ ਅਸੂਲਾਂ ਨੂੰ ਅਪਣਾਉਂਦੇ ਹੋਏ ਉਮਰ ਦੇ 26 ਸਾਲ ਕੱਢ ਦਿੱਤੇ। ਜਦੋਂ ਇਹ ਮਹਿਸੂਸ ਹੋਇਆ ਕਿ ਲੁਕਾਈ ਨੂੰ ਉਨ੍ਹਾਂ ਦੀ ਇਸ ਤੋਂ ਵੀ ਉਪਰ ਸੇਵਾ ਦੀ ਲੋੜ ਹੈ ਤਾਂ ਸੁਲਤਾਨ ਪੁਰ ਵਿਖੇ ਬੇਈਂ ਨਦੀਂ ਵਿਚ ਚੁੱਭਾ ਲਾ 3 ਦਿਨ ਅਪਣੇ ਮੁਰਸ਼ਦ ਦੇ ਸਨਮੁਖਿ ਹੋ ਭਵਿੱਖ ਵਾਸਤੇ ਅਗਵਾਈ ਲਈ। ਇਸ ਦੌਰਾਨ ਜੋ ਪ੍ਰਮਸ਼ਕਤੀ ਬਾਰੇ ਦੇਖਿਆ ਉਹ ਮੂਲ ਮੰਤਰ ਰਾਹੀਂ ਲੁਕਾਈ ਨੂੰ ਦਰਸਾਇਆ।

ੴ -ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

ੴ -ਹੀ ਇੱਕ ਨਿਰਗੁਣ ਸਰਗੁਣ ਸਰੂਪ ਪ੍ਰਮਾਤਮਾ ਹੈ ਜੋ ਅਪਨੀ ਇੱਕੋ ਹੀ ਕੁਦਰਤ ਵਿੱਚ ਇੱਕ ਰਸ ਸਮਾਉਂਦਿਆਂ ਹੋਇਆਂ ਇਸ ਨੂੰ ਆਪਣੇ ਅਨੁਸ਼ਾਸਨ 'ਚ ਰੱਖਦਾ ਹੈ।

ੴ -ਹੀ ਸਤਿਨਾਮੁ ਹੈ ਯਾਂ ਸੱਚਾ ਨਾਮ ਹੈ ਜੋ ਜੁਗਾਂ ਜੁਗੰਤਰਾਂ ਤੋਂ ਸਭ ਦਾ ਆਸਰਾ ਬਣਿਆ ਹੋਇਆ ਹੈ।

ੴ -ਹੀ ਕਰਤਾ ਪੁਰਖੁ ਹੈ ਜਿਸ ਨੇ ਸਾਰੀ ਕੁਦਰਤ ਦੀ ਬਨਾਵਟ ਕੀਤੀ ਤੇ ਉਸ ਵਿੱਚ ਰਖਿਆ ਹੋਇਆ ਹੈ।

ੴ -ਹੀ ਨਿਰਭਉ ਤੇ ਨਿਰਵੈਰ ਹੈ ਜਿਸ ਵਰਗਾ ਹੋਰ ਕੋਈ ਨਹੀਂ।

ੴ -ਹੀ ਅਕਾਲ ਮੂਰਤਿ ਹੈ ਜਿਹੜੀ ਸਖਸ਼ੀਅਤ/ਹਸਤੀ ਸਮੇਂ ਦੇ ਗੇੜ ਵਿੱਚ ਨਹੀਂ ਆਉਂਦੀ।

ੴ -ਹੀ ਅਜੂਨੀ ਹੈ ਜਨਮ ਮਰਨ ਤੇ ਗੇੜ 'ਚ ਨਹੀਂ ਹੈ।

ੴ -ਹੀ ਸੈਭੰ ਹੈ ਜੋ ਕਿਸ ਤੇ ਨਿਰਭਰ ਨਹੀਂ ਹੈ ਤੇ ਕਿਸੇ ਤੋਂ ਪ੍ਰਕਾਸ਼ ਨਹੀਂ ਲੈਂਦੀ।

ੴ ਦੀ ਪ੍ਰਾਪਤੀ ਕੇਵਲ ਸਤਿਗੁਰੂ ਦੀ ਕਿਰਪਾ ਦੁਆਰਾ ਹੋ ਸਕਦੀ ਹੈ।

ਗੁਰੂ ਨਾਨਕ ਸਾਹਿਬ ਨੇ ਜਮਾਨੇ ਤੇ ਵਾਤਾਵਰਣ ਨੂੰ ਅਨੁਭਵ ਕਰਦੇ ਹੋਏ ਜਦੋਂ ਕਿ ਭਾਰਤ ਦੀ ਜਨਤਾ ਇੱਕ ਪ੍ਰਮਾਤਮਾ ਦੀ ਸ਼ਕਤੀ ਨੂੰ ਛੱਡ ਅਨੇਕ ਦੇਵੀ ਦੇਵਤਿਆਂ, ਜਾਨਵਰਾਂ ਤੇ ਰੁੱਖਾਂ ਦੀ ਪੂਜਾ 'ਚ ਰੁਝ ਚੁੱਕੀ ਸੀ ਤੇ ਅਸਲੀ ਰਸਤੇ ਤੋਂ ਖੁੰਝ ਗਈ ਸੀ, (ॐ) ਓਮ ਦੇ ਅੱਖਰ ਨੂੰ ਨਿਰੂਪਨ ਕਰਕੇ ੴ ਅੱਖਰ ਘੜਿਆ ਜੋ ਉਪਰੋਕਤ

ਸਿਫਤਾਂ ਦਾ ਪ੍ਰਤੀਕ ਹੈ। ਇਸ ਅੱਖਰ ਨੂੰ ਸੱਚੇ ਨਾਮ ਦੀ ਪਦਵੀ ਦਿੰਦਿਆਂ ਹੋਇਆਂ ਇਸ ਰਾਹੀਂ ਪਰਮ ਸ਼ਕਤੀ ਨੂੰ ਅੱਠੇ ਪਹਿਰ ਜਪਨ ਲਈ ਨਸੀਅਤ ਦਿੱਤੀ।

*ਜਪਿ ਮਨ ਸਤਿਨਾਮ ਸਦਾ ਸਤਿਨਾਮੁ॥*
*ਹਲਤਿ ਪਲਤਿ ਮੁਖ ਊਜਲ ਹੋਈ ਹੈ ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ॥* ਪੰਨਾ 670

ਇਸ ਸਤਿਨਾਮੁ (ੴ) ਨੂੰ ਪਰਾ ਪੂਰਬਲਾ ਵੀ ਦਰਸਾਇਆ ਜਿਸ ਰਾਹੀਂ ਸਤਿਜੁਗ ਤਰੇਤਾ ਤੇ ਦੁਆਪਰ ਜੁਗਾਂ ਵਿੱਚ ਵੀ ਉਸ ਪਰਮ ਸ਼ਕਤੀ ਦੀ ਅਰਾਧਨਾ ਹੁੰਦੀ ਚਲੀ ਆਈ ਹੈ।

*ਕਿਰਤਮ ਨਾਮ ਕਥੇ ਤੇਰੇ ਜਿਹਬਾ।*
*ਸਤਿਨਾਮੁ ਤੇਰਾ ਪਰਾ ਪੂਰਬਲਾ॥* (ਪੰਨਾ 1089)

ਭਾਵੇਂ ਦੂਸਰੇ ਜੁਗਾਂ ਵਿੱਚ ਜਨਤਾ ਪਰਮ ਸ਼ਕਤੀ ਨੂੰ ਹਰਿ ਹਰਿ, ਰਾਮ ਰਾਮ, ਗੋਬਿੰਦ ਗੋਬਿੰਦ, ਗੋਪਾਲ ਗੋਪਾਲ, ਨਰਾਇਣ ਨਰਾਇਣ ਆਦਿ ਸ਼ਬਦਾਂ ਰਾਹੀਂ ਧਿਆਉਂਦੀ ਰਹੀ ਪਰੰਤੂ ਪ੍ਰਧਾਨਤਾ ਓਮ ਜਾਂ ਨਿਰੂਪਨ ੴ ਸ਼ਬਦ ਦੀ ਹੀ ਬਣੀ ਰਹੀ ਤੇ ਬਣੀ ਰਹੇਗੀ। ਪੰਜਵੇਂ ਗੁਰੂ ਨਾਨਕ ਸਾਹਿਬ ਨੇ ਗੁਰੂ ਗਰੰਥ ਸਾਹਿਬ (ਪੋਥੀ ਪ੍ਰਮੇਸ਼ਵਰ) ਵਿੱਚ ਗੁਰਬਾਣੀ ਸੰਗਰਹਿ ਕਰਨ ਸਮੇਂ ਸਭ ਤੋਂ ਪਹਿਲੋਂ ਪਰਮ ਸ਼ਕਤੀ ਦੀ ਓਟ ੴ ਸ਼ਬਦ ਰਾਹੀਂ ਹੀ ਲਈ ਹੈ। ਹਰਪਾਠ ਅਰੰਭ ਕਰਨ ਸਮੇਂ ਜਾਂ ਰਾਗ ਪ੍ਰਤੀ ਬਾਣੀ ਕਲਮਬੰਦ ਕਰਨ ਵੇਲੇ ਜਾਂ ਕਿਸੇ ਹੋਰ ਵਿਸ਼ੇ ਪ੍ਰਤੀ ਬਾਣੀ ਲਿਖਵਾਉਣ ਵੇਲੇ ਹੇਠ ਲਿਖੇ ਸ਼ਬਦਾਂ ਰਾਹੀਂ ਮੰਗਲਾ ਚਰਨ ਕੀਤਾ ਹੈ।

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥ 31 ਵਾਰੀ
ੴ ਸਤਿਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ॥ 9 ਵਾਰੀ
ੴ ਸਤਿਨਾਮੁ ਗੁਰ ਪ੍ਰਸਾਦਿ॥ 528 ਵਾਰੀ

ਹਰ ਵਾਰੀ ਔਟ ਲੈਣ ਵੇਲੇ ਗੁਰੂ ਦੀ ਮਹਾਨਤਾ, 'ਗੁਰਪ੍ਰਸਾਦਿ' ਸ਼ਬਦ ਰਾਹੀਂ ਦਰਸਾਈ ਹੈ ਕਿ (ੴ) ਪ੍ਰਮ ਸ਼ਕਤੀ ਦੀ ਪ੍ਰਾਪਤੀ ਗੁਰੂ ਦੀ ਕਿਰਪਾ ਤੇ ਸਿਮਰਣ ਦੁਆਰਾ ਹੋ ਸਕਦੀ ਹੈ। ਗੁਰੂ ਦੀ ਕਿਰਪਾ ਹੋਵੇ ਤਾਂ ਬੰਦਾ ਪ੍ਰਮਾਤਮਾ ਦਾ ਨਾਮ ਜਪਦਾ ਹੈ, ਨਿਸ਼ਕਾਮ ਸੇਵਾ ਕਰਦਾ ਹੈ ਤਾਂ ਹਉਮੈ ਦੂਰ ਹੁੰਦੀ ਹੈ।

*ਹਉਮੈਂ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥*
*ਹਉਮੈ ਵਿਚਿ ਸੇਵਾ ਨ ਹੋਵਈ, ਤਾ ਮਨੁ ਬਿਰਥਾ ਜਾਇ॥* (ਪੰਨਾ 560)

ਹਉਮੈ ਦੂਰ ਹੋਵੇ ਤਾਂ ਪਰਮ ਸ਼ਕਤੀ ਦੇ ਦਰਸ਼ਨ ਹੁੰਦੇ ਹਨ ਤਾਂ ਜਨਮ ਮਰਨ ਦੀ ਫਾਹੀ ਕੱਟੀ ਜਾਂਦੀ ਹੈ।

ਹਉਮੈ ਦੂਰ ਕਰਨ ਸਬੰਧੀ ਤੇ ਪਰਮ ਸ਼ਕਤੀ ਦੇ ਦਰਸ਼ਨਾਂ ਸਬੰਧੀ ਗੁਰੂ ਸਾਹਿਬ ਦੀ ਰਾਏ ਜਾਂ ਸਿੱਖਿਆ ਜੋ ਗੁਰੂ ਗ੍ਰੰਥ ਸਾਹਿਬ ਵਿਖੇ ਅਲਾਹੀ ਬਾਣੀ ਦੁਆਰਾ ਦਰਜ ਹੈ। ਉਹ ਇਸ ਪ੍ਰਕਾਰ ਹੈ।

*ਭਾਈ ਰੇ ਗੁਰਮੁਖਿ ਸਦਾ ਪਤਿ ਹੋਇ॥*
*ਹਰਿ ਹਰਿ ਸਦਾ ਧਿਆਈਐ ਮਲੁ ਹਉਮੈ ਕਢੈ ਧੋਇ॥* (ਪੰਨਾ 28/ਪਾ: 3)
*ਹਰਿ ਹਰਿ ਹਰਿ ਹਰਿ ਨਾਮੁ ਹੈ ਗੁਰਮੁਖਿ ਪਾਵੈ ਕੋਇ॥*
*ਹਉਮੈ ਮਮਤਾ ਨਾਸੁ ਹੋਇ ਦੁਰਮਤਿ ਕਢੈ ਧੋਇ॥* (ਪੰਨਾ 1313/ਪਾ: 4)
*ਅੰਮ੍ਰਿਤ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ ਅੰਮ੍ਰਿਤ ਗੁਰਮਤਿ ਪਾਏ ਰਾਮ॥*
*ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ ਹਰਿ ਅੰਮ੍ਰਿਤ ਬਿਖੁ ਲਹਿ ਜਾਏ ਰਾਮ॥* (ਪੰਨਾ 538/ਪਾ: 5)
*ਰਾਮ ਨਾਮੁ ਉਰਿ ਮੈ ਗਹਿਓ ਜਾ ਕੈ ਸਮ ਨਹੀਂ ਕੋਇ॥*
*ਜਿਹ ਸਿਮਰਤ ਸੰਕਟ ਮਿਟੈ ਦਰਸੁ ਤੁਹਾਰੋ ਹੋਇ॥* (ਪੰਨਾ 1429/ਪਾ: 9)

ਗੁਰੂ ਸਾਹਿਬਾਂ ਨੇ ਬੜੇ ਹੀ ਸਪਸ਼ਟ ਸ਼ਬਦਾਂ 'ਚ ਦਰਸਾਇਆ ਹੈ ਕਿ ਹਰਿ ਹਰਿ (ਜੀਵਨ ਤੇ ਮੌਤ ਦਾ ਪ੍ਰਤੀਕ ਹੈ) ਅੰਮ੍ਰਿਤ ਨਾਮ ਹੈ ਜੋ ਗੁਰੂ ਕਿਰਪਾ ਦੁਆਰਾ ਮਿਲਦਾ ਹੈ। ਜਿਸ ਰਾਹੀਂ ਹਊਮੈਂ ਬਿਖ ਕੱਟੀ ਜਾਂਦੀ ਹੈ। ਰਾਮ (ਪਰਮ ਸ਼ਕਤੀ ਜੋ ਸਾਰੀ ਕੁਦਰਤ ਵਿੱਚ ਰਮੀ ਹੋਈ ਹੈ) ਨਾਮ ਜੇ ਮਨ 'ਚ ਵਸ ਜਾਵੇ ਤਾਂ ਇਸ ਜੈਸਾ ਹੋਰ ਕੋਈ ਨਾਮ ਨਹੀਂ ਹੈ ਜਿਸ ਦੇ ਸਿਮਰਨ ਰਾਹੀਂ ਸੰਕਟ ਮਿਟਦੇ ਹਨ ਤੇ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ। ਗੁਰੂ ਮਹਾਰਾਜ ਨੇ ਹਰਿ ਹਰਿ,

ਰਾਮ ਰਾਮ ਕਈ ਕਈ ਹਜ਼ਾਰਾਂ ਵਾਰੀ ਗੁਰੂ ਗ੍ਰੰਥ ਸਾਹਿਬ 'ਚ ਦਰਜ ਕਰਕੇ ਇਹਨਾਂ ਸ਼ਬਦਾਂ ਦੀ ਵਾਰ ਵਾਰ ਮਹਾਨਤਾ ਦ੍ਰਿੜਾਈ ਹੈ ਤੇ ਹੁਕਮ ਦੁਹਰਾਇਆ ਹੈ ਜਿਸ ਨੂੰ ਇੱਕ ਗੁਰਮੁਖਿ ਮਨ ਤੋਂ ਔਹਲੇ ਨਹੀਂ ਕਰ ਸਕਦਾ। ਜਿਸ ਤਰ੍ਹਾਂ ਕਲਿਜੁਗ ਦਾ ਪੂਰਬਲਾ ਜੁਗ ਤਰੇਤਾ, ਦੁਆਪਰ ਤੇ ਸਤਿਜੁਗ ਹਨ ਉਸੇ ਤਰ੍ਹਾਂ ੧ਓ ਦੇ ਪੂਰਬਲੇ ਸ਼ਬਦ ਜਿਨ੍ਹਾਂ ਰਾਹੀਂ ਉਨ੍ਹਾਂ ਜੁਗਾਂ ਵਿੱਚ ਪਰਮ ਸ਼ਕਤੀ ਨੂੰ ਯਾਦ ਕੀਤਾ ਜਾਂਦਾ ਰਿਹਾ, ਹਰਿ, ਹਰਿ, ਰਾਮ, ਰਾਮ ਓਮ (ਓਂ) ਹਨ ਜਿਨ੍ਹਾਂ ਨੂੰ ਬਰਾਬਰ ਦੀ ਇੱਜ਼ਤ ਦੇਣੀ/ਅਪਣਾਉਣਾ ਗੁਰਮੁਖਾਂ ਲਈ ਬਨਦਾ ਹੈ ਜਦੋਂ ਕਿ ਗੁਰੂ ਸਾਹਿਬ ਦੇ ਪੁਰਜ਼ੋਰ ਹੁਕਮ ਵੀ ਹਨ ਤੇ ਤਾਕੀਦ ਵੀ। ਸਾਨੂੰ ਗੁਰੂ ਸਾਹਿਬਾਂ ਦੇ ਹੁਕਮਾਂ ਤੇ ਫੁੱਲ ਚੜਾਉਂਦੇ ਹੋਏ ੧ਓ ਹਰਿ ਹਰਿ, ਰਾਮ ਰਾਮ ਦਾ ਸਿਮਰਣ ਕਰਨਾ ਬਣਦਾ ਹੈ ਤਾਂ ਹੀ ਤਾਂ ਜਨਮ ਸਫਲਾ ਹੋਵੇਗਾ।

ਦਾਸ ਦੀ ਨਾਮ ਬਾਰੇ ਕਈਆਂ ਗੁਰਮੁਖਾਂ ਨਾਲ ਚਰਚਾ ਹੋਈ ਹੈ ਕਈ ਪੱਤਰ ਵੀ ਆਏ ਹਨ ਉਨ੍ਹਾਂ ਦਾ ਦ੍ਰਿੜ ਵਿਸਵਾਸ਼ ਹੈ ਕਿ ਕੇਵਲ ਵਾਹਿਗੁਰੂ ਸ਼ਬਦ ਦਾ ਹੀ ਸਿਮਰਣ ਕਰਨਾ ਸਿੱਖਾਂ ਵਾਸਦੇ ਹੁਕਮ ਹੈ। ਉਹ ਭਾਈ ਗੁਰਦਾਸ ਜੀ ਦੀਆਂ ਵਾਰਾਂ ਦਾ ਹੀ ਵੇਰਵਾ ਦਿੰਦੇ ਹਨ ਜਿੱਥੇ ਉਨ੍ਹਾਂ ਲਿਖਿਆ ਹੈ।

***ਵਾਹਿਗੁਰੂ ਗੁਰ ਮੰਤਰ ਹੈ ਜਪ ਹਉਮੈ ਖੋਈ॥***

ਪਰੰਤੂ ਉਹ ਗੁਰੂ ਮਹਾਰਾਜ ਦੀ ਉਚਾਰੀ ਕਿਸੇ ਬਾਣੀ ਦਾ ਵੇਰਵਾ ਦੇਣ ਦੇ ਅਸਮਰੱਥ ਹਨ ਕਿਉਂਕਿ ਉਹ ਹੈ ਹੀ ਨਹੀਂ। ਉਹ ਉਪਰ ਦਰਸਾਏ ਸ਼ਬਦ ਜੋ ਗੁਰੂ ਗ੍ਰੰਥ ਸਾਹਿਬ ਦੇ ਪੰਨੇ 28, 538, 1313 ਅਤੇ 1429 ਤੇ ਦਿੱਤੇ ਹਨ ਤੇ ਹਰਿ ਹਰਿ, ਰਾਮ ਰਾਮ ਨੂੰ ਸਿਮਰਣ ਲਈ ਆਖਦੇ ਹਨ ਨੂੰ ਮਨੋ ਔਹਲਾ ਕਰ ਲੈਂਦੇ ਹਨ। ਗੁਰੂ ਗ੍ਰੰਥ ਸਾਹਿਬ (ਜਿਸਨੂੰ ਸਿੱਖ ਅਪਣਾ ਸ਼ਬਦ ਗੁਰੂ ਮੰਨਦੇ ਹਨ) ਵਿਚ 6-7 ਗੁਰੂਆਂ ਦੀ ਬਾਣੀ ਦਰਜ ਹੈ ਪਰੰਤੂ ਕਿਸੇ ਵੀ ਗੁਰੂ ਸਾਹਿਬ ਨੇ ਆਪਣੇ ਮੁਖਾਰ ਬਿੰਦ 'ਚੋਂ ਵਾਹਿਗੁਰੂ ਸ਼ਬਦ ਰਾਹੀਂ ਉਚਾਰੀ ਬਾਣੀ ਕਲਮ ਬੰਦ ਨਹੀਂ ਕੀਤੀ। ਸਗੋਂ ਚੌਥੇ ਗੁਰੂ ਨਾਨਕ ਸਾਹਿਬ ਦਾ ਗੁਰ ਮੰਤਰ ਬਾਰੇ ਇਹ ਫੁਰਮਾਨ ਹੈ।

***ਹਮਰੇ ਜਗਜੀਵਨੁ ਹਰਿ ਪ੍ਰਾਨ॥***
***ਹਰਿ ਹਰਿ ਊਤਮ ਰਿਦ ਅੰਤਰਿ ਭਾਇਓ ਗੁਰ ਮੰਤੁ ਦੀਊ ਹਰਿ ਕਾਨ॥*** (ਪੰਨਾ 1335)

ਭੱਟਾਂ ਦੀ ਬਾਣੀ ਜੋ ਗੁਰੂ ਗ੍ਰੰਥ ਸਾਹਿਬ ਵਿੱਚ ਪੰਨਾ 1402-03 ਤੇ ਦਰਜ ਹੈ ਵੁਹ ਕੇਵਲ ਇਕ ਭੱਟ 'ਗਯੰਦ ਜੀ' ਦੀ ਗੁਰੂ ਰਾਮਦਾਸ ਸਾਹਿਬ ਪ੍ਰਤੀ ਅਸਚੱਰਜਤਾ ਜਾਂ ਧਨਿ ਧਨਿ ਜਾਂ ਵਾਹਿ ਵਾਹਿ ਦਾ ਸੁਨੇਹਾ ਹੀ ਦਿੰਦੀ ਹੈ ਨ ਕਿ ਵਾਹਿਗੁਰੂ ਜਪਣ ਦਾ। 'ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ' ਉਸੇ ਤਰ੍ਹਾਂ ਹੀ ਹੈ ਜਿਸ ਤਰ੍ਹਾਂ-

***ਸੋ ਸਤਿਗੁਰ ਧਨਿ ਧਨਿ ਜਿਨ ਭਰਮ ਮੜ ਤੋੜਿਆ॥***
***ਸੋ ਸਤਿਗੁਰ ਵਾਹਿ ਵਾਹਿ ਜਿਨ ਹਰਿ ਸਿਉ ਜੋੜਿਆ॥***

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਕਾਸ਼ਿਕ ਭਾਈ ਗੁਰਦਾਸ ਜੀ ਦੀਆਂ 40 ਵਾਰਾਂ ਦਾ ਨਿਰੀਖਣ ਕਰਨ ਤੋਂ ਪਤਾ ਲਗਦਾ ਹੈ ਕਿ ਗੁਰੂ ਨਾਨਕ ਸਾਹਿਬ ਨੇ ਕੇਵਲ ਸਤਿਨਾਮੁ (੧ਓ) ਰਾਹੀਂ ਹੀ ਪਰਮ ਸ਼ਕਤੀ ਨੂੰ ਸਿਮਰਿਆ ਹੈ ਤੇ ਪ੍ਰਚਾਰ ਕੀਤਾ ਹੈ।

| | |
|---|---|
| ਵਾਰ 1 ਪਉੜੀ 1 | - **ਨਮਸਕਾਰ ਗੁਰਦੇਵ ਕੋ ਸਤਿਨਾਮੁ ਜਿਸ ਮੰਤਰ ਸੁਣਾਇਆ।** |
| ਵਾਰ 1 ਪਉੜੀ 23 | - **ਕਲਜਗੁ ਬਾਬੇ ਤਾਰਿਆ ਸਤਿਨਾਮੁ ਪੜਿ ਮੰਤਰ ਸੁਣਾਇਆ।** |
| ਵਾਰ 1 ਪਉੜੀ 37 | - **ਜੀਤੀ ਨਉਖੰਡ ਮੇਦਨੀ ਸਤਿਨਾਮੁ ਕਾ ਚਕਰ ਫਿਰਾਇਆ।** |
| ਵਾਰ 1 ਪਉੜੀ 83 | - **ਬਾਬਾ ਬੋਲੇ ਨਾਥ ਜੀ ਸਬਦ ਸੁਨਹੁ ਸਚੁ ਮੁਖਹੁ ਅਲਾਈ।** |
| | - - - - - - - - - - - - - - - - - - - - - |
| | **ਸਤਿਨਾਮੁ ਬਿਨ ਬਾਦਰਿ ਛਾਈ।** |
| ਵਾਰ 2 ਪਉੜੀ 11 | - **ਅਮਰਹੁ ਅਮਰ ਸਮੇਉ ਅਲਖ ਆਲੋਇਆ।** |
| | **ਰਾਮ ਨਾਮ ਅਰਿਖਉ ਅੰਮ੍ਰਿਤ ਚੋਇਆ।** |
| ਵਾਰ 23 ਪਉੜੀ 1 | - **ਸਤਿਰੂਪ ਗੁਰ ਦਰਸਨੋ ਪੂਰਨ ਬ੍ਰਹਮ ਅਚੱਰਜੁ ਦਿਖਾਇਆ।** |

ਸਤਿਨਾਮ ਕਰਤਾ ਪੁਰਖ ਪਾਰਬ੍ਰਹਮੁ ਪਰਮੇਸਰੁ ਧਿਆਇਆ।

ਵਾਰ 2[illegible] ਪਉੜੀ 1 - **ਸਤਿ ਰੂਪ ਸਤਿਨਾਮੁ ਕਰਿ ਸਤਿਗੁਰ ਨਾਨਕ ਦੇਉ ਜਪਾਇਆ।**
**ਧਰਮ ਸਾਲ ਕਰਤਾਰਪੁਰ ਸਾਧ ਸੰਗਤਿ ਸਚਖੰਡ ਵਸਾਇਆ।**

ਵਾਰ 4[illegible] ਪਉੜੀ 1 - **ਸਤਿਨਾਮੁ ਕਰਤਾ ਪੁਰਖੁ ਸਤਿ ਸਰੂਪੁ ਨ ਕਦਹੀ ਊਰਾ।**
**ਸਾਧੁ ਸੰਗਤਿ ਸਚਖੰਡ ਵਸਿ ਅਨਹਦ ਵਜਾਏ ਤੂਰਾ।**

ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਹਰਿਗੋਬਿੰਦ ਸਾਹਿਬ ਤੱਕ ਦਾ ਪ੍ਰਸੰਗ ਵਾਰ ਨੰ: 1 ਪਉੜੀ 23-48 ਵਿੱਚ ਦਿੱਤਾ ਹੈ। ਉਨ੍ਹਾਂ ਇਨ੍ਹਾਂ ਪਉੜੀਆਂ ਜਾਂ ਹੋਰ ਵਾਰਾਂ ਦੀਆਂ ਪਉੜੀਆਂ ਵਿੱਚ ਕਿਤੇ ਵੀ ਇਹ ਜ਼ਿਕਰ ਨਹੀਂ ਕੀਤਾ ਕਿ ਗੁਰੂ ਸਾਹਿਬਾਂ ਨੇ ਵਾਹਿਗੁਰੂ ਸ਼ਬਦ ਰਾਹੀਂ ਪਰਮ ਸ਼ਕਤੀ ਦੀ ਅਰਾਧਨਾ ਕੀਤੀ ਹੈ ਪਰੰਤੂ ਕੇਵਲ ਸਤਿਨਾਮ (ੴ) ਸ਼ਬਦ ਰਾਹੀਂ ਹੀ ਪ੍ਰਾਣੀ ਦਾ ਉਧਾਰ ਦਰਸਾਇਆ ਹੈ।

ਵਾਰ ਨੰ: 1 ਪਉੜੀ 39 ਰਾਹੀਂ ਭਾਈ ਸਾਹਿਬ ਨੇ 'ਵਾਹਿਗੁਰੂ' ਸ਼ਬਦ ਦੀ ਬਨਤਰ ਇਸ ਪ੍ਰਕਾਰ ਦਰਸਾਈ ਹੈ।

*ਸਤਿਜੁਗਿ ਸਤਿਗੁਰ ਵਾਸਦੇਵ ਵਵਾ ਵਿਸਨਾ ਨਾਮ ਜਪਾਵੈ॥*
*ਦੁਆਪੁਰਿ ਸਤਿਗੁਰ ਹਰੀ ਕ੍ਰਿਸ਼ਨ ਹਾਹਾ ਹਰਿ ਹਰਿ ਨਾਮੁ ਜਪਾਵੈ॥*
*ਸਤਿਗੁਰ ਰਾਮ ਜੀ ਰਾਰਾ ਰਾਮ ਜਪੇ ਸੁਖ ਪਾਵੈ॥*
*ਕਲਿਜੁਗ ਨਾਨਕ ਗੁਰ ਗੋਬਿੰਦ ਗਗਾ ਗੋਬਿੰਦ ਨਾਮੁ ਅਲਾਵੈ॥*
*ਚਾਰੇ ਜਾਗੇ ਚਹੁ ਜੁਗੀ ਪੰਚਾਇਣ ਵਿਚਿ ਜਾਇ ਸਮਾਵੈ॥*
*ਚਾਰੋ ਅਛਰ ਇਕੁ ਕਰਿ ਵਾਹਿਗੁਰੂ ਜਪੁ ਮੰਤ੍ਰ ਜਪਾਵੈ॥*
*ਜਹਾ ਤੇ ਉਪਜਿਆ ਫਿਰਿ ਤਤਾ ਸਮਾਵੈ॥*

ਕਲਿਜੁਗ ਵਿਚ ਗੁਰੂ ਨਾਨਕ ਸਾਹਿਬ ਤੋਂ ਗੁਰੂ ਗੋਬਿੰਦ ਸਿੰਘ ਦੇ ਸਮੇਂ ਜਾਂ ਸਨਾਤਨੀ ਸਭਿਅਤਾ 'ਚ ਗੋਬਿੰਦ ਗੋਬਿੰਦ ਸ਼ਬਦਾਂ ਰਾਹੀਂ ਪ੍ਰਮਾਤਮਾ ਨੂੰ ਧਿਆਉਣ ਦੀ ਮਰਯਾਦਾ ਨਹੀਂ ਮਿਲਦੀ ਸਗੋਂ ਓਮ (ੴ), ਹਰਿ ਹਰਿ, ਰਾਮ ਰਾਮ ਸ਼ਬਦਾਂ ਰਾਹੀਂ ਭਗਤੀ ਹੁੰਦੀ ਪ੍ਰਚੱਲਤ ਰਹੀ ਹੈ। 1-40 ਵਾਰਾਂ ਵਿੱਚ ਕਿਤੇਂ ਵੀ ਗੁਰੂ ਸਾਹਿਬਾਂ ਵਲੋਂ ਵਾਹਿਗੁਰੂ ਸ਼ਬਦ ਨੂੰ ਗੁਰ ਮੰਤਰ ਨਹੀਂ ਦਰਸਾਇਆ ਗਿਆ। ਵਾਰ ਨੰ: 41 ਜੋ ਗੁਰੂ ਗੋਬਿੰਦ ਸਿੰਘ ਜੀ ਬਾਰੇ ਭਾਈ ਗੁਰਦਾਸ ਸਿੰਘ ਜੀ ਦੀ ਲਿਖੀ ਦੱਸੀ ਗਈ ਹੈ ਦੇ ਵਿੱਚ ਵੀ ਗੁਰੂ ਗੋਬਿੰਦ ਸਿੰਘ ਜੀ ਹਰਿ ਹਰਿ ਜਾਂ ਹਰਿ ਨਾਮ ਸ਼ਬਦ ਹੀ ਉਚਾਰਦੇ ਦਰਸਾਏ ਹਨ। ਵਾਰ 41 ਦੇ 28 ਬੰਦਾਂ ਵਿੱਚ 12 ਵਾਰੀ ਹਰਿ ਹਰਿ ਨੂੰ ਦੁਹਰਾਇਆ ਗਿਆ ਹੈ।

ਉਪਰੋਕਤ ਤੋਂ ਇੰਜ ਭਾਸਦਾ ਹੈ ਕਿ ਭਾਈ ਗੁਰਦਾਸ ਜੀ ਨੇ ਆਪ ਹੀ 'ਵਾਹਿਗੁਰੂ' ਸ਼ਬਦ ਨੂੰ ਉੱਪਰ ਲਿਖੇ ਢੰਗ ਨਾਲ ਘੜਿਆ ਸੀ ਤੇ ਵਾਰ ਨੰ: 13 ਪਾਉੜੀ 2 ਵਿੱਚ ਵਾਹਿਗੁਰੂ ਗੁਰਮੰਤ੍ਰ ਹੈ 'ਜਪਿ ਹਉਮੈ ਖੋਈ' ਤੁਕ ਲਿਖ ਕੇ ਇਸ ਨੂੰ ਗੁਰਮੰਤਰ ਪ੍ਰਸਿੱਧ ਕਰਨ ਲਈ ਕਈਆਂ ਪਉੜੀਆਂ ਵਿਚ ਦੁਹਰਾ ਦਿੱਤਾ। ਵਾਰ ਨੰ: 12 ਪਉੜੀ 17 ਵਿੱਚ ਇਹ ਵੀ ਦਰਸਾਇਆ ਕਿ-

*ਨਿਰੰਕਾਰ ਆਕਾਰੁ ਕਰਿ ਜੋਤਿ ਸਰੂਪ ਅਨੂਪ ਦਿਖਾਇਆ।*
*ਬੇਦ ਕਤੇਬ ਅਗੋਚਰਾ ਵਾਹਿਗੁਰੂ ਗੁਰ ਸ਼ਬਦ ਸੁਣਾਇਆ॥*

ਜਦੋਂ ਕਿ ਵੇਦਾਂ ਸ਼ਾਸਤਰਾਂ, ਸਿੰਮ੍ਰਿਤੀਆਂ ਜਾਂ ਕੁਰਾਨ ਅੰਜੀਵ ਵਿੱਚ ਕਿਤੇ ਵੀ 'ਵਾਹਿਗੁਰੂ' ਸ਼ਬਦ ਦਾ ਜ਼ਿਕਰ ਨਹੀਂ ਆਉਂਦਾ।

ਸਿੱਖ ਜਗਤ ਵਿੱਚ ਅੱਜਕਲ੍ਹ 'ਵਾਹਿਗੁਰੂ' ਸ਼ਬਦ ਨੂੰ ਹੀ ਗੁਰਮੰਤਰ ਅਪਨਾਇਆ ਜਾ ਰਿਹਾ ਹੈ, ਜਾਪ ਜਾਂ ਸਿਮਰਣ ਵਾਸਤੇ ਵੀ ਇਹੀ ਸ਼ਬਦ ਪ੍ਰਚੱਲਤ ਹੈ। ੴ, ਹਰਿ ਹਰਿ, ਰਾਮ ਰਾਮ ਸ਼ਬਦਾਂ ਰਾਹੀਂ ਪ੍ਰਮ ਸ਼ਕਤੀ ਨੂੰ ਯਾਦ ਕਰਨਾ ਜਾਂ ਸਿਮਰਣ ਕਰਨਾ ਬ੍ਰਾਹਮਣਵਾਦੀ ਸਮਝਿਆ ਜਾਂਦਾ ਹੈ ਤੇ ਕੁਝ ਚੁਭਨ ਜਹੀ ਮਹਿਸੂਸ ਹੁੰਦੀ ਲਗਦੀ ਹੈ ਜੋ ਸਾਨੂੰ ਅਸਲੇ ਤੋਂ ਦੂਰ ਲਿਜਾ ਰਹੀ ਹੈ ਤੇ ਵਿਸ਼ਾਲਤਾ ਤੋਂ ਵੀ ਦੂਰ।

ਕਈ ਮਿੱਤਰਾਂ ਦੀ ਦਲੀਲ ਹੈ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਅੰਮ੍ਰਿਤ ਛਕਾਉਣ ਵੇਲੇ ਪੰਜਾਂ ਪਿਆਰਿਆਂ ਨੂੰ ਤਿਆਰ ਕਰਨ ਉਪਰੰਤ ਪੰਜਾਂ ਬਾਣੀਆਂ ਦਾ ਪਾਠ ਕੀਤਾ ਤੇ ਵਾਹਿਗੁਰੂ ਸ਼ਬਦ ਦਾ ਗੁਰ ਮੰਤਰ ਦਿੱਤਾ ਸੀ। ਇਸ

ਸਬੰਧ 'ਚ ਦਾਸ ਨੇ ਸਭ ਤੋਂ ਪ੍ਰਸਿੱਧ ਤਵਾਰੀਖ 'ਸ੍ਰੀ ਗੁਰ ਪ੍ਰਤਾਪ ਸੂਰਜ ਗਰੰਥ' ਦੀ ਜਿਲਦ ਨੰ: 12 ਪੰਨਾ 5050 ਨੂੰ ਵਾਚਿਆ ਹੈ ਜੋ ਨਿਮਨ ਲਿਖਤ ਹੈ:

*ਕਹਹੁ ਵਾਹਿਗੁਰੂ ਦਿਯ ਉਪਦੇਸਾ। ਹਾਥ ਜੋਰਿ ਥਿਰ ਸਿੱਖ ਵਿਸ਼ੇਸਾ॥*
*ਜਪੁ ਜੀ ਪਾਠ ਪ੍ਰਥਮ ਕੀ ਲੀਨਾ। ਬਹੁਰ ਸ੍ਵੈਯੇ ਪਢਿਯੋ ਕੀਨਾ॥*
*ਪੌੜੀ ਪੰਚ ਅਨੰਦ ਪਢਯੋ ਹੈ। ਅੰਮ੍ਰਿਤ ਮੈ ਬਹੁਤੇ ਬਢਯੋ ਹੈ॥*

ਭਾਈ ਸੰਤੋਖ ਸਿੰਘ ਜੀ ਨੇ ਲਿਖਿਆ ਹੈ ਕਿ ਅੰਮ੍ਰਿਤ ਤਿਆਰ ਕਰਨ ਸਮੇਂ ਗੁਰੂ ਗੋਬਿੰਦ ਸਿੰਘ ਜੀ ਨੇ ਜਪੁ ਜੀ, ਸਵੱਯੇ ਤੇ ਅਨੰਦ ਸਾਹਿਬ ਦੀਆਂ ਪੰਜ ਪੌੜੀਆਂ ਦਾ ਪਾਠ ਕੀਤਾ ਸੀ ਜੋ ਹੁਣ ਦੀ ਪ੍ਰਵਾਨਿਤ ਮਰਯਾਦਾ ਤੋਂ ਕਾਫੀ ਭਿੰਨ ਹੈ। ਹੁਣ ਜਪੁਜੀ, ਜਾਪ ਸਾਹਿਬ ਤ੍ਵ ਪ੍ਰਸਾਦਿ ਸਵੱਯੇ, ਕਬਿਯੋ ਬਾਚ ਬੇਨਤੀ ਚੌਪਈ, ਅਨੰਦ ਸਾਹਿਬ ਦੀਆਂ 40 ਪੌੜੀਆਂ ਦਾ ਪਾਠ ਹੁੰਦਾ ਹੈ।

ਅੰਮ੍ਰਿਤ ਸੰਚਾਰ ਸਮੇਂ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ ਜੋ ਉਸ ਸਮੇਂ ਸ਼ਬਦ ਗੁਰੂ ਦੇ ਰੂਪ 'ਚ ਪੰਜਾਂ ਪਿਆਰਿਆਂ ਨੂੰ ਅਗਵਾਈ ਦੇਣ ਦੀ ਹੈਸੀਅਤ 'ਚ ਬਰਾਜਮਾਨ ਹੁੰਦੇ ਹਨ। ਪੰਜਾਂ ਪਿਆਰਿਆਂ ਨੇ ਜੋ ਵੀ ਸਿੱਖਿਆ ਅੰਮ੍ਰਿਤ ਅਭਿਲਾਸ਼ੀਆਂ ਨੂੰ ਦੇਣੀ ਹੁੰਦੀ ਹੈ ਉਹ ਸ਼ਬਦ ਗੁਰੂ ਦੇ ਉਪਦੇਸ਼ਾਂ ਅਨੁਸਾਰ ਦੇਣੀ ਬਣਦੀ ਹੈ। ਜਿਸ 'ਤੇ ਚਲਣ ਨਾਲ ਅੰਮ੍ਰਿਤ ਅਭਿਲਾਸ਼ੀ ਆਪਣੀ ਜਿੰਦਗੀ ਸਚਿਆਰ ਬਣਾ ਸਕਣ, ਹਉਮੈ ਖਤਮ ਕਰ ਸਕਣ ਤੇ ਪ੍ਰਮਾਤਮਾ ਦੇ ਦਰਸ਼ਨ ਕਰ ਸਕਣ। ਆਪਣੇ ਕੋਲੋਂ ਜਾਂ ਕਿਸੇ ਤਵਾਰੀਖ ਦੇ ਅਧਾਰ 'ਤੇ ਕੋਈ ਸਿੱਖਿਆ ਦੇਣੀ ਪੰਜਾਂ ਪਿਆਰਿਆਂ ਨੂੰ ਨਹੀਂ ਬਨਦੀ।

ਕਈ ਗੁਰਮੁਖਾਂ ਦੇ ਮਨ ਦਾ ਭੁਲੇਖਾ ਹੈ ਕਿ ਜੇ ਅਸੀਂ ਹਰਿ ਹਰਿ ਦਾ ਸਿਮਰਣ ਕਰਾਂਗੇ ਤਾਂ ਅਸੀਂ ਬ੍ਰਾਹਮਣਵਾਦ ਦੇ ਘੇਰੇ ਵਿੱਚ ਪੈ ਜਾਵਾਂਗੇ ਤੇ ਕਰਮ ਕਾਂਡ ਸਾਡੇ ਤੇ ਪ੍ਰਭਾਵੀ ਹੋ ਜਾਣਗੇ। ਜੇ ਅਸੀਂ ਰਾਮ ਰਾਮ ਦਾ ਜਾਪ ਕਰਾਂਗੇ ਤਾਂ ਅਸੀਂ ਪ੍ਰਮਾਤਮਾ ਦੀ ਬਜਾਏ ਰਾਜਾ ਦਸ਼ਰਥ ਦੇ ਸਪੁੱਤਰ ਸ੍ਰੀ ਰਾਮ ਚੰਦ ਤੇ ਹਨੂੰਮਾਨ ਦੇ ਉਪਾਸ਼ਕ ਹੋ ਜਵਾਂਗੇ ਤੇ ਸਿੱਖੀ ਤੋਂ ਦੂਰ ਹੋ ਹਿੰਦੂਮਤ ਦੇ ਪੈਰੋਕਾਰ ਹੋ ਜਾਵਾਂਗੇ। ਇਸ ਪ੍ਰਤੀ ਸਾਨੂੰ ਗੁਰੂ ਸਾਹਿਬਾਂ ਦੀ ਜ਼ਿੰਦਗੀ ਤੇ ਸਿੱਖਿਆ ਤੋਂ ਪ੍ਰਭਾਵਿਤ ਹੋਣਾ ਚਾਹੀਦਾ ਹੈ। ਉਨ੍ਹਾਂ 240 ਸਾਲ ੧ੳ ਹਰਿ ਹਰਿ, ਰਾਮ ਰਾਮ ਹੀ ਜਪਿਆ ਸੀ ਤੇ ਜਪਾਇਆ ਸੀ ਉਨ੍ਹਾਂ ਤਾਂ ਬ੍ਰਾਹਮਣਵਾਦ ਦੀਆਂ ਕੁਰੀਤੀਆਂ ਹੀ ਦੂਰ ਕੀਤੀਆਂ ਸਨ ਤੇ ਅਸਲ ਨਿਰੰਕਾਰ ਦੀ ਭਗਤੀ ਕੀਤੀ ਤੇ ਕਰਵਾਈ ਕਿਉਂਕਿ ਉਹ ਹਰਿ ਹਰਿ ਨੂੰ ਪਾਰਬ੍ਰਹਮ ਜੋ ਜਿੰਦਗੀ ਤੇ ਮੌਤ ਦਾ ਦੇਣਹਾਰ ਹੈ ਤੇ ਰਾਮ ਨੂੰ ਕੁਦਰਤ ਵਿੱਚ ਰਮੀ ਹੋਈ ਸ਼ਕਤੀ ਅੱਨਭਵ ਕਰਦੇ ਹੋਏ ਸਿਰਮਦੇ ਰਹੇ। ਉਨ੍ਹਾਂ ਦੇ ਨੇੜੇ ਤਾਂ ਇਹੋ ਜਿਹਾ ਭੁਲੇਖਾ ਕਦੀ ਨਹੀਂ ਆਇਆ ਫਿਰ ਗੁਰੂ ਦੇ ਸਿੱਖਾਂ ਦੇ ਮਨ 'ਚ ਇਹੋ ਜਿਹਾ ਭੁਲੇਖਾ ਕਿਉਂ ਆਉਂਦਾ ਹੈ। ਅਸੀਂ ਗੁਰਦੁਆਰਿਆਂ 'ਚ ਜਾਂ ਕੀਰਤਨ ਦਰਬਾਰਾਂ ਰਾਹੀਂ ਗੁਰਬਾਣੀ ਦਾ ਪਾਠ ਕਰਦੇ ਹਾਂ, ਕੀਰਤਨ ਕਰਦੇ ਹਾਂ ਤਾਂ ਬਹੁਤ ਹੀ ਸ਼ਰਧਾ ਪੂਰਵਕ ਸੁਣਦੇ ਹਾਂ ਭਾਵੇਂ ਉਨ੍ਹਾਂ ਪਾਠਾਂ ਜਾਂ ਸ਼ਬਦਾਂ ਵਿੱਚ ਹਰਿ ਹਰਿ, ਰਾਮ ਰਾਮ ਨਾਰਾਇਣ ਦਾ ਕਿੰਨੀ ਵਾਰੀ ਜ਼ਿਕਰ ਆਵੇ ਤੇ ਕਿੰਨੀ ਵਾਰੀ ਸਿਮਰਨ ਵਾਸਤੇ ਸਿੱਖਆ ਦਿੱਤੀ ਹੋਵੇ ਪਰੰਤੂ ਜਦੋਂ ਕਿਤੇ ਕਿਹਾ ਜਾਵੇ ਕਿ ਹਰਿ ਹਰਿ ਜਾਂ ਰਾਮ ਰਾਮ ਦੀ ਧੁਨਿ ਲਗਾਓ ਜਾਂ ਸਿਮਰਨ ਕਰੋ ਤਾਂ ਬ੍ਰਾਹਮਣਵਾਦ ਦਾ ਚੇਤਾ ਆ ਜਾਂਦਾ ਹੈ। ਇਸ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਸਾਡੇ ਮਨ ਵਿਸ਼ਾਲ ਨਹੀਂ ਰਹੇ ਸੀਮਤ ਹੋ ਚੁੱਕੇ ਹਨ। ਗੁਰੂ ਨਾਨਕ ਸਾਹਿਬ ਤਾਂ ਮਸੀਤਾਂ, ਮੰਦਰਾਂ, ਮੱਕੇ, ਹਰਿਦੁਆਰ ਵੀ ਗਏ ਤੇ ੧ੳ ਹਰਿ ਹਰਿ, ਰਾਮ ਰਾਮ, ਅਲਾਹ ਅਲਾਹ ਜਿਸਨੂੰ ਉਹ ਕੇਵਲ ਇੱਕ ਪਰਮ ਸ਼ਕਤੀ ਗਿਣਦੇ ਸਨ, ਦਾ ਪ੍ਰਚਾਰ ਕੀਤਾ। ਸਾਰੇ ਹਿੰਦੂ ਤੇ ਮੁਸਲਮਾਨ ਜਨਤਾ ਨੂੰ ਉਸ ਪ੍ਰਮ ਸ਼ਕਤੀ ਦੀ ਉਪਾਸਨਾ 'ਚ ਲਗਾਇਆ ਤੇ ਮਿੱਤਰਤਾ ਕਾਇਮ ਕੀਤੀ ਪਰੰਤੂ ਹੁਣ ਸਿੱਖਾਂ ਦਾ ਨਜ਼ਰੀਆ ਤੰਗ ਹੋਇਆ ਜਾਪਦਾ ਹੈ। ਅਸੀਂ ਹੌਲੀ ਹੌਲੀ ਆਪਣੇ ਆਪ ਨੂੰ ਹਿੰਦੂਆਂ, ਮੁਸਲਮਾਨਾਂ ਤੋਂ ਦੂਰ ਕਰੀ ਜਾ ਰਹੇ ਹਾਂ। ਇਹ ਸਾਡੇ ਗੁਰੂ ਨਾਨਕ ਮਿਸ਼ਨ ਦੀ ਬਦਕਿਸਮਤੀ ਹੈ ਇਸ ਨੂੰ ਮੋੜ ਦੇਣ ਦੀ ਲੋੜ ਹੈ। ਗੁਰਸਿੱਖੀ ਤਾਂ ਬਹੁਤ ਵਿਸ਼ਾਲ ਹੈ ਕਿਸੇ ਨਾਲ ਨਫ਼ਰਤ ਨਹੀਂ ਸਖਾਉਂਦੀ ਕੇਵਲ ਪਿਆਰ ਤੇ ਮਿਤ੍ਰਤਾ ਹੀ ਸਖਾਉਂਦੀ ਹੈ। ਜੋ ਰਾਹ ਪ੍ਰਮਾਤਮਾ ਨਾਲ ਜੋੜੇ ਉਹ ਸਿੱਖੀ ਵਿੱਚ ਕਬੂਲ ਹੈ ਤਾਂ ਹੀ ਤਾਂ ਗੁਰੂ ਗ੍ਰੰਥ ਸਾਹਿਬ ਵਿੱਚ ਮੁਸਲਮਾਨ ਫਕੀਰਾਂ, ਭੱਟਾਂ, ਹਿੰਦੂ ਭਗਤਾਂ, ਨੀਚ ਜਾਤੀ ਦੇ ਭਗਤਾਂ ਦੀ ਬਾਣੀ ਦਰਜ ਹੈ ਤੇ ਸਾਨੂੰ ਇਸ ਸਾਰੀ ਬਾਣੀ ਦੇ ਸੰਗ੍ਰਹਿ ਨੂੰ ਸ਼ਬਦ ਗੁਰੂ ਮੰਨਣ ਦੇ ਉਪਦੇਸ਼ ਹਨ। ਕਿਸੇ ਨਾਲ ਨਫ਼ਰਤ ਕਰਨੀ ਸਾਡੇ ਲਈ ਨਹੀਂ ਬਣਦੀ।

# ਫੇਰੂ ਰਬਾਬ ਵਾਲਾ


## ਮਨਮੋਹਨ ਸਿੰਘ ਦਾਊਂ

280 ਫੇਜ਼ 6, ਮੁਹਾਲੀ (ਰੋਪੜ)




ਪਿੰਡ ਅਥਕਪੁਰ
ਦੋ ਨਦੀਆਂ ਦੇ ਵਿੱਚ-ਵਿਚਾਲੇ
ਜਿੱਥੇ ਫਰਿੰਦਾ
ਪਿੰਡੀਂ ਰਹਿੰਦਾ
ਲੋਕੀਂ ਉਸ ਨੂੰ
ਫੇਰੂ ਕਹਿ ਕੇ ਪਿਆਰ ਜਤਾਉਂਦੇ।

ਹੁੱਨਰਵੰਦ ਕਿਰਤੀ ਸੀ ਫੇਰੂ
ਕੰਮ 'ਚ ਖੁਭਿਆ
ਸੁਪਨੇ ਲੈਂਦਾ
ਸਾਜ਼ ਬਣਾਉਂਦਾ
ਸਾਜ਼ਾਂ ਵਿੱਚੋਂ ਰਾਗ ਜਗਾਉਂਦਾ।

ਇੱਕ ਦਿਨ ਉਸ ਨੇ
ਇੱਕ ਰਬਾਬ ਬਣਾਉਣੀ ਚਿਤਵੀ
ਜਾਂ ਇਲਹਾਮ ਹੋਇਆ
ਕੋਈ ਉਸ ਨੂੰ।

ਬਿਰਖ਼-
ਕਿ ਜਿਸ ਦੀ ਲੱਕੜ ਵਿੱਚੋਂ
ਸੁਰ-ਸੰਗੀਤ ਦੀ ਧੁਨ ਪਈ ਆਵੇ
ਚਾਨਣ ਵੰਡੇ
ਨੇਰ੍ਹਾ ਛੰਡੇ,
ਕਾਇਨਾਤ ਜਗਾਵੇ
ਪੌਣਾਂ ਮਹਿਕਾਵੇ,
ਜਿਸ ਨੂੰ ਅੰਬਰ--ਧਰਤੀ
ਜਲ-ਥਲ ਸੁਣਨਾ ਲੋਚੇ
ਰਾਗ ਅਲਾਪੇ
ਰੱਬ ਦੀ ਮਹਿਮਾ ਗਾਵੇ।
ਤੇ ਕੋਈ ਇਲਾਹੀ ਪਿਆਰਾ
ਉਸ ਦੀ ਸੁੱਚੀ ਰੂਹ ਨਸ਼ਿਆਵੇ
ਅਨਹੱਦ ਬਾਣੀ ਗਾਵੇ
ਚੌਂਹ-ਕੁੰਟਾਂ ਰੁਸ਼ਨਾਵੇ।

ਢੂੰਡ-ਢੂੰਡ ਕੇ ਆਖ਼ਿਰ ਫੇਰੂ
ਚਾਨਣ ਦੀ ਲੱਕੜ ਨੂੰ ਚੁਣਿਆ।

ਰਾਤੇ ਦਿਨੇਂ ਉਸ
ਕਾਠ ਨੂੰ ਸੁੱਚਾ ਕਰ-ਕਰ
ਹੱਥੀਂ ਘੜ ਘੜ
ਰੰਦ ਰੰਦਾਈ ਕੀਤੀ
